ਮਾਸਕ ੴ ਪਤ੍ਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

MAY 1992

ਮਈ ੧੯੯੨



www.AKJ.Org

ਭਾ: ਸਾ: ਭਾਈ ਰਣਧੀਰ ਸਿੰਘ ਜੀ ਦੀ ਜਨਮ ਸ਼ਤਾਬਦੀ 7 ਤੋਂ 10 ਮਈ ਨਾਰੰਗਵਾਲ ਮਨਾਈ ਜਾ ਰਹੀ ਹੈ।

# ਤਤਕਰਾ


| | | |
|---|---|---|
| ਹਰਿ ਜੇਠਿ ਜੁੜੰਦਾ ਲੋੜੀਐ —ਅਰਥ ਵਿਆਖਿਆ | ੩ | ਬਾਰਹਮਾਹਾ ਮਾਂਝ ਮਹਲਾ ੫ |
| | ੪ | — — |
| ਸੰਤ ਸਰੂਪ ਡਾਕਟਰ ਬਸੰਤ ਸਿੰਘ ਜੀ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸਚਹੁ ਓਰ ਸਭੁ ਕੋ ਉਪਰਿ ਸਚੁ ਅ ਚਾਰੁ | ੧੩ | ਗਿ: ਹਰਬੰਸ ਸਿੰਘ ਜੀ, ਯੂ. ਕੇ. |
| ਉਤਮ ਸੰਤੇ | ੧੯ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਸੋਈ ਗੁਰਮੁਖਿ ਪਿਆਰੇ ਮੇਲਿ (੭) | ੨੩ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਮੀਰੀ ਪੀਰੀ ਅਥਵਾ ਧਰਮ ਸਿਆਸਤ (੨) | ੨੫ | ਭਾ: ਜੋਗਿੰਦਰ ਸਿੰਘ ਜੀ ਤਲਵਾੜਾ |
| ਗੁਰਮਤਿ ਦਾ ਊੜਾ ਐੜਾ | ੩੨ | ਪ੍ਰੋ: ਹਰਬੰਸ ਸਿੰਘ ਜੀ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੪) | ੩੩ | — — |
| ੧੯੯੯ ਤੱਕ ਖਾਲਸਾ ਪੰਥ ਦੇ ਟੀਚੇ (੧) | ੩੬ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੨੬) | ੪੨ | ਕੈਪਟਿਨ ਸਵਰਨ ਸਿੰਘ ਜੀ |
| ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ | ੪੭ | ਭਾ:ਸਾ: ਭਾਈ ਰਣਧੀਰ ਸਿੰਘ ਜੀ |
| ਹਸੰਦਿਆਂ ਖੇਲੰਦਿਆਂ | ੪੯ | " " " |
| ਖਾਲਸਾ ਅਕਾਲ ਪੁਰਖ ਕੀ ਫੌਜ | ੫੦ | ਪ੍ਰੋਫੈਸਰ ਹਰਬੰਸ ਸਿੰਘ ਜੀ |


ਸ੍ਰੀ ਗੁਰੂ ਅੰਗਦ ਦੇਵ ਜੀ ਅਵਤਾਰ ੩ ਮਈ ਸ੍ਰੀ ਗੁਰੂ ਅਮਰਦਾਸ ਜੀ ਅਵਤਾਰ ੧੫ ਮਈ
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਿਆਈ ੨੫ ਮਈ

"'ਮਹੱਲਾ' ਪਦ ਦਾ ਅਰਥ ਤੇ ਉਚਾਰਣ" ਪ੍ਰੋ: ਪਿਆਰ ਸਿੰਘ ਜੀ ਦਾ ਖ਼ਾਸ ਲੇਖ 'ਸੂਰਾ' ਜੂਨ ਵਿਚ ਦਿਤਾ ਜਾ ਰਿਹਾ ਹੈ।

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16-ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੨. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁਰਦਵਾਰਾ ਦੁਖ ਨਿਵਾਰਨ ਸਾਹਿਬ
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—(ੳ) ਰੋਹੀੜਾ-ਘ ਨੂਆਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੭. ਫ਼ਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫-ਡੀ/੫੫, (੧੨੧੦੦੧)
੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਬਠਿੰਡਾ, ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੧੧. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 52206

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲਧਿਆਣਾ ਵਿਖੇ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧.੫.੯੨ ਨੂੰ ਪ੍ਰਕਾਸ਼ਤ ਕੀਤਾ।

www.AKJ.Org

੧ਓ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ

ਸਾਲਾਨਾ ਚੰਦਾ

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

ਪਰਦੇਸ (ਸਾਰੇ)

ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

Foreign Subscription

| | |
|---|---|
| Sea Mail | 80-00 |
| Air Mail | 250-00 |

ਅਮਾਨਤੀ

ਲਾਈਫ਼ ਮੈਂਬਰ

| | |
|---|---|
| ਦੇਸ | ੨੫੦-੦੦ |

ਪਰਦੇਸ (ਸਾਰੇ)

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੬ ਮਈ ੧੯੯੨ ਅੰਕ ੫

## ਹਰਿ ਜੇਠਿ ਜੁੜੰਦਾ ਲੋੜੀਐ

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨ੍ਹਿ ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥

[ਬਾਰਹਮਾਹਾ ਮਾਂਝ ਮਹਲਾ ੫



www.AKJ.Org

# ਜੇਠ ਮਹੀਨੇ ਦੀ ਅਰਥ ਵਿਆਖਿਆ

**ਪਦ ਅਰਥ** : ਜੇਠਿ–ਜੇਠਿ ਵਿਚ, ਜੇਠ ਦੁਆਰਾ। ਹਰਿ ਜੁੜੰਦਾ ਲੋੜੀਐ–ਹਰੀ ਪ੍ਰਭੂ ਨਾਲ ਜੁੜਨਾ ਚਾਹੀਦਾ ਹੈ, ਵਾਹਿਗੁਰੂ ਦੇ ਚਰਨਾਂ ਵਿਚ ਸੁਰਤ ਜੋੜਨੀ ਚਾਹੀਦੀ ਹੈ। ਜਿਸੁ ਅਗੈ–ਜਿਸ ਵਾਹਿਗੁਰੂ ਅਗੇ। ਸਭਿ–ਸਾਰੇ। ਨਿਵੰਨਿ–(ਸਿਰ) ਨਿਵਾਂਦੇ ਹਨ। ਦਾਵਣਿ–ਦਾਮਨ ਵਿਚ, ਪੱਲੇ ਵਿਚ, ਸ਼ਰਨ ਵਿਚ। ਕਿਸੈ ਨ ਦੇਈ ਬੰਨ੍ਣਿ–ਕਿਸੇ ਨੂੰ ਬੰਨ੍ਹਣ ਨਹੀਂ ਦੇਂਦਾ, ਕਿਸੇ ਜਮਦੂਤ ਆਦਿਕ ਨੂੰ ਬੰਨ੍ਹਣ ਦੀ ਆਗਿਆ ਨਹੀਂ ਦੇਂਦਾ। ਮਾਣਕ–ਹੀਰੇ। ਨਾਮੁ ਪ੍ਰਭ–ਪ੍ਰਭੂ ਦਾ ਨਾਮ। ਉਸ–ਉਸ ਨਾਮ ਧਨ ਨੂੰ। ਲਗੈ ਨਾਹੀ ਸੰਨ੍ਹਿ–ਸੰਨ੍ਹੀ, ਸੰਧੀ, ਪਾੜ। ਰੰਗ ਜੇਤੇ–ਜਿਤਨੇ ਰੰਗ (ਚੋਜ ਤਮਾਸ਼ੇ) ਹਨ। ਮਨਿ ਭਾਵੰਨਿ–ਮਨ ਵਿਚ ਭਾਉਂਦੇ ਹਨ। ਜੋ ਹਰਿ ਲੋੜੇ–ਜੋ ਵਾਹਿਗੁਰੂ ਕਰਨਾ ਲੋੜਦਾ ਹੈ, ਜੋ ਉਸ ਨੂੰ ਭਾਉਂਦਾ ਹੈ। ਕਰੇ–(ਵਾਹਿਗੁਰੂ) ਕਰਦਾ ਹੈ। ਜੀਅ ਕਰੰਨਿ–ਜੀਵ ਕਰਦੇ ਹਨ। ਪ੍ਰਭਿ–ਪ੍ਰਭੂ ਨੇ। ਕਹੀਅਹਿ–ਆਖੇ ਜਾਂਦੇ ਹਨ। ਆਪਣ ਲੀਆ–ਆਪਣੇ ਜਤਨ ਨਾਲ। ਵਿਛੜਿ ਕਿਉ ਰੋਵੰਨਿ–(ਜੀਵ) ਵਿਛੜ ਕੇ ਕਿਉਂ ਰੋਣ, ਦੁਖੀ ਹੋਣ। ਸਾਧੂ ਸੰਗੁ–ਸਾਧੂ-ਸਤਿਗੁਰੂ ਦਾ ਸੰਗ ਸਾਥ। ਮਾਣੰਨਿ–ਮਾਣਦੇ ਹਨ। ਰੰਗੀਲਾ–ਸ਼ੋਭਨੀਕ, ਸੁਹਾਵਣਾ। ਤਿਸੁ–ਉਸ ਨੂੰ। ਧਣੀ–ਮਾਲਕ, ਵਾਹਿਗੁਰੂ। ਮਥੰਨਿ–ਮੱਥੇ ਉਤੇ।

**ਅਰਥ** : ਜੇਠ ਮਹੀਨੇ ਵਿਚ ਉਸ ਵਾਹਿਗੁਰੂ ਦੇ ਚਰਨਾਂ ਵਿਚ ਸੁਰਤੀ ਜੋੜਨੀ ਚਾਹੀਦੀ ਹੈ ਜਿਸ ਦੇ ਅਗੇ ਸਾਰੇ ਜੀਵ ਸਿਰ ਨਿਵਾਂਦੇ ਹਨ। ਵਾਹਿਗੁਰੂ ਦਾ ਪੱਲਾ ਫੜ ਲਈਏ ਤਾਂ (ਅੰਤ ਸਮੇਂ) ਵਾਹਿਗੁਰੂ ਕਿਸੇ ਜਮਦੂਤ ਆਦਿਕ ਨੂੰ ਬੰਨ੍ਹ ਕੇ ਲਿਜਾਣ ਦੀ ਆਗਿਆ ਨਹੀਂ ਦੇਂਦਾ।

ਵਾਹਿਗੁਰੂ ਦਾ ਨਾਮ ਹੀਰੇ ਮੋਤੀ ਜਵਾਹਰਾਤ (ਬਹੁਤ ਕੀਮਤੀ ਧਨ) ਹੈ। ਉਸ ਨਾਮ-ਧਨ ਨੂੰ ਕੋਈ ਸੰਨ੍ਹ ਨਹੀਂ ਲਾ ਸਕਦਾ, ਭਾਵ, ਕੋਈ ਚੁਰਾ ਨਹੀਂ ਸਕਦਾ। ਜਿਤਨੇ ਵੀ ਵਾਹਿਗੁਰੂ ਦੇ ਚੋਜ ਤਮਾਸ਼ੇ ਵਰਤ ਰਹੇ ਹਨ, ਉਨ੍ਹਾਂ ਨੂੰ ਉਹ ਸਾਰੇ ਰੰਗ ਮਨ ਵਿਚ ਪਿਆਰੇ ਲਗਦੇ ਹਨ, ਜਿਨ੍ਹਾਂ ਨੂੰ ਨਾਮ-ਧਨ ਪ੍ਰਾਪਤ ਹੁੰਦਾ ਹੈ। (ਨਾਮ-ਰਸ-ਲੀਣਿਆਂ ਨੂੰ ਇਹ ਸੋਝੀ ਹੁੰਦੀ ਹੈ ਕਿ) ਜੋ ਵਾਹਿਗੁਰੂ ਨੂੰ ਭਾਉਂਦਾ ਹੈ, ਓਹੋ ਕੁਝ ਉਹ ਕਰਦਾ ਹੈ, ਅਤੇ (ਉਸ ਅਨੁਸਾਰ ਹੀ) ਸਾਰੇ ਜੀਵ ਕਰਦੇ ਹਨ। (ਵਾਹਿਗੁਰੂ ਨੇ ਨਾਮ-ਧਨ ਬਖ਼ਸ਼ ਕੇ) ਜਿਹੜੇ ਗੁਰਮੁਖ ਪਿਆਰੇ ਆਪਣੇ ਕਰ ਲਏ ਹਨ, ਉਹੀ (ਸੰਸਾਰ ਭਰ ਵਿਚ) ਧੰਨ ਧੰਨ ਆਖੇ ਜਾਂਦੇ ਹਨ।

(ਪਰ ਇਹ ਨਾਮ-ਧਨ) ਆਪਣੇ ਜਤਨ ਕੀਤਿਆਂ ਜੇ ਮਿਲ ਸਕਦਾ ਹੋਵੇ ਤਾਂ ਜੀਵ ਉਸ ਵਾਹਿਗੁਰੂ ਤੋਂ ਵਿਛੜ ਕੇ ਕਿਉਂ ਰੋਂਦੇ ਫਿਰਨ।

'ਨਾਨਕ' ਮੁਹਰ-ਛਾਪ ਹੇਠ ਸਤਿਗੁਰੂ ਜੀ ਫ਼ੁਰਮਾਂਦੇ ਹਨ ਕਿ (ਜਿਨ੍ਹਾਂ ਭਾਗਾਂ ਵਾਲਿਆਂ ਨੂੰ) ਸਾਧੂ-ਸਤਿਗੁਰੂ ਦਾ ਸੰਗ ਸਾਥ ਪ੍ਰਾਪਤ ਹੋ ਜਾਵੇ, ਭਾਵ, ਸਤਿਗੁਰੂ ਦਾ ਉਪਦੇਸ਼ ਮਿਲ ਜਾਵੇ, (ਉਹ ਨਾਮ-ਸਿਮਰਨ ਦੇ ਤੁਫ਼ੈਲ ਨਾਮ ਜਪ ਜਪ ਕੇ) ਅਲੌਕਿਕ ਰੰਗ ਮਾਣਦੇ ਹਨ।

ਅੰਤ ਵਿਚ ਸਤਿਗੁਰੂ ਜੀ ਕਹਿੰਦੇ ਹਨ ਕਿ ਉਸੇ ਦਾ ਜੇਠ ਮਹੀਨਾ ਸੁਹਾਵਣਾ ਹੈ ਅਤੇ ਉਸੇ ਨੂੰ ਰੰਗੀਲਾ ਹਰੀ ਪ੍ਰਭੂ ਪ੍ਰਾਪਤ ਹੁੰਦਾ ਹੈ, ਜਿਸ ਦੇ ਮੱਥੇ ਉਤੇ ਭਾਗ ਲਿਖਿਆ ਹੁੰਦਾ ਹੈ।

**ਵਿਆਖਿਆ** : ਜੇਠ ਦੇ ਮਹੀਨੇ ਰਾਹੀਂ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਜਿਸ ਵਾਹਿਗੁਰੂ ਜੀ ਅਗੇ ਸਾਰੀ ਲੁਕਾਈ ਨਿੰਵਦੀ ਹੈ, ਸਾਰੇ ਮਨੁਖ, ਦੇਵ ਦਾਨਵ, ਵਲੀ ਅਉਤਾਰ ਤੇ ਪੀਰ ਪੈਗੰਬਰ ਜਿਸ ਦੀ ਉਸਤਤਿ ਕਰਦੇ ਅਤੇ ਨਮਸਕਾਰਾਂ-ਜੁਹਾਰਾਂ ਕਰਦੇ ਹਨ, ਜੋ ਸਭ ਦੀ ਰਖਿਆ ਕਰਦਾ ਹੈ ਅਤੇ ਮਨਮੁਖਾਂ ਅਹੰਕਾਰੀਆਂ ਨੂੰ ਦੰਡ ਦੇ ਕੇ ਆਪਣੇ ਪਿਆਰਿਆਂ ਨੂੰ ਨਿਵਾਜਦਾ ਹੈ–

ਹਰਿ ਤੇਰੀ ਸਭ ਕਰਹਿ ਉਸਤਤਿ ਜਿਨਿ ਫਾਥੇ ਕਾਢਿਆ ॥ ਹਰਿ ਤੁਧ ਨੋ ਕਰਹਿ ਸਭ ਨਮਸਕਾਰੁ
ਜਿਨਿ ਪਾਪੈ ਤੇ ਰਾਖਿਆ ॥ ਹਰਿ ਨਿਮਾਣਿਆ ਤੂੰ ਮਾਣੁ ਹਰਿ ਡਾਢੀ ਹੂੰ ਤੂੰ ਡਾਢਿਆ ॥ ਹਰਿ



www.AKJ.Org

ਅਹੰਕਾਰੀਆ ਮਾਰਿ ਨਿਵਾਏ ਮਨਮੁਖ ਮੂੜ ਸਾਧਿਆ ॥ ਹਰਿ ਭਗਤਾ ਦੇਇ ਵਡਿਆਈ ਗਰੀਬ ਅਨਾਥਿਆ ॥੧੭॥ (ਪੰ: ੯੦)

ਅਜਿਹੇ ਅਤਿ ਉਚੇ, ਅਗਮ ਅਪਾਰ ਅਤੇ ਸਭ ਦੇ ਮਾਈ ਬਾਪ, ਤੇ ਮਿਤਰ ਸਖਾ ਵਾਹਿਗੁਰੂ ਜੀ ਦੇ ਚਰਨਾਂ ਵਿਚ ਜੁੜਨ ਦੀ ਲੋੜ ਹੈ, ਉਸ ਨੂੰ ਹਿਰਦੇ ਵਿਚ ਵਸਾਉਣ ਦੀ ਲੋੜ ਹੈ, ਉਸ ਦਾ ਨਾਮ ਜਪਣ ਦੀ ਲੋੜ ਹੈ, ਆਪਣੇ ਮਨ ਦੀ ਲਿਵ ਉਸ ਵਿਚ ਲਾਉਣ ਦੀ ਲੋੜ ਹੈ। ਜਿਹਾ ਕਿ ਗਰਵਾਕ ਹਨ–

— ਮੀਤ ਸਖਾ ਸਹਾਇ ਸੰਗੀ ਊਚ ਅਗਮ ਅਪਾਰੁ ॥
ਚਰਣ ਕਮਲ ਬਸਾਇ ਹਿਰਦੈ ਜੀਅ ਕੋ ਆਧਾਰੁ ॥੩॥੧੩੮॥ (ਪੰਨਾ ੪੦੫)

— ਅਟਲ ਅਛੇਦ ਅਭੇਦ ਸੁਆਮੀ ਸਰਣਿ ਤਾ ਕੀ ਆਉ ॥
ਚਰਣ ਕਮਲ ਅਰਾਧਿ ਹਿਰਦੈ ਏਕ ਸਿਉ ਲਿਵ ਲਾਉ ॥੩॥੨॥ (ਪੰਨਾ ੫੦੧)

ਜੇ ਵਾਹਿਗੁਰੂ ਜੀ ਦੀ ਸਰਨੀ ਆ ਜਾਈਏ, ਉਸ ਦਾ ਲੜ ਫੜ ਲਈਏ, ਅਤੇ ਉਠਦੇ ਬਹਿੰਦੇ ਉਸ ਨੂੰ ਸਿਮਰਦੇ ਰਹੀਏ ਤਾਂ ਜਮ-ਕਾਲ ਦੀ ਕੀ ਮਜਾਲ ਹੈ ਕਿ ਉਹ ਬੰਨ੍ਹ ਕੇ ਲਿਜਾ ਸਕੇ, ਸਗੋਂ ਉਹ ਤਾਂ ਸੇਵਕ ਹੋ ਕੇ ਭੇਟਾ ਪੇਸ਼ ਕਰ ਕੇ ਹਾਜ਼ਰ ਹੁੰਦਾ ਹੈ–

ਲੇਖਾ ਪੜੀਐ ਹਰਿਨਾਮੁ ਫਿਰਿ ਲੇਖੁ ਨ ਹੋਈ ॥ ਪੁਛਿ ਨ ਸਕੈ ਕੋਇ ਹਰਿ ਦਰਿ ਸਦ ਢੋਈ ॥
ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ ॥੨੮॥ (ਪੰਨਾ ੧੨੪੦)

ਹਰਿ ਨਾਮ ਧਨ ਹੀ ਸਭ ਤੋਂ ਉਤਮ ਅਤੇ ਹੀਰੇ ਮੋਤੀ ਜਵਾਹਰਾਤਾਂ ਤੋਂ ਭੀ ਕੀਮਤੀ ਧਨ ਹੈ, ਜਿਸ ਨੂੰ ਕੋਈ ਚੋਰ ਉਚੱਕਾ ਚੁਰਾ ਨਹੀਂ ਸਕਦਾ ਅਤੇ ਨਾ ਕਿਸੇ ਤਰ੍ਹਾਂ ਨਾਸ ਕੀਤਾ ਜਾ ਸਕਦਾ ਹੈ–

— ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ ॥
ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ ॥੨॥੭॥ (ਪੰਨਾ ੫੧੧)

— ਨ ਇਹੁ ਧਨੁ ਜਲੈ ਨ ਤਸਕਰੁ ਲੈ ਜਾਇ ॥
ਨ ਇਹੁ ਧਨੁ ਡੂਬੈ ਨ ਇਸੁ ਧਨ ਕਉ ਮਿਲੈ ਸਜਾਇ ॥੨॥੮॥ (ਪੰਨਾ ੬੯੧)

— ਹਰਿ ਧਨੁ ਰਤਨ ਜਵੇਹਰੀ ਸੋ ਗੁਰਿ ਹਰਿ ਧਨੁ ਹਰਿ ਪਾਸਹੁ ਦੇਵਾਇਆ ॥

ਜਿਨ੍ਹਾਂ ਨੂੰ ਇਸ ਨਾਮ-ਧਨ ਦੀ ਦਾਤਿ ਪ੍ਰਾਪਤ ਹੁੰਦੀ ਹੈ, ਉਹ ਪ੍ਰਭੂ ਦੇ ਨਜ਼ਰੀ ਆਉਂਦੇ ਚੋਜ ਤਮਾਸ਼ਿਆਂ ਅਤੇ ਵਰਤ ਰਹੇ ਕੌਤਕਾਂ ਨੂੰ ਬਿਸਮਾਦ ਰੰਗਾਂ ਵਿਚ ਮਾਣਦੇ ਹਨ, ਉਨ੍ਹਾਂ ਨੂੰ ਪ੍ਰਭੂ ਦਾ ਕੀਤਾ ਹੋਇਆ ਸਭ ਕੁਝ ਚੰਗਾ ਲਗਦਾ ਹੈ, ਉਹ ਜਾਣਦੇ ਹਨ ਕਿ ਸਭ ਕੁਝ ਵਾਹਿਗੁਰੂ ਦਾ ਕੀਤਾ ਹੋਇਆ ਵਰਤ ਰਿਹਾ ਹੈ, ਜਿਵੇਂ ਉਹ ਚਾਹੁੰਦਾ ਹੈ ਤਿਵੇਂ ਜੀਵ ਕਾਰ ਕਮਾਅ ਰਹੇ ਹਨ। ਉਹ ਇਉਂ ਗਾਉਂਦੇ ਰਹਿੰਦੇ ਹਨ–

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥ ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥੧॥ ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥ ਅਸਾ ਜੋਰੁ ਨਾਹੀ ਜਿ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥੧॥ਰਹਾਉ॥ ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਕਾਰੈ ਲਾਇਆ ॥ ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥੨੪॥ (ਪੰਨਾ ੭੩੬)

ਐਸੀ ਬ੍ਰਿਤੀ ਵਾਲੇ, ਵਾਹਿਗੁਰੂ ਦੇ ਲੜ ਲਗੇ ਹੋਇਆਂ ਨੂੰ, ਵਾਹਿਗੁਰੂ ਆਪਣਾ ਸੇਵਕ ਬਣਾ ਲੈਂਦਾ ਹੈ, ਉਹ ਫਿਰ ਧੰਨਤਾ ਯੋਗ ਹੋ ਜਾਂਦੇ ਹਨ–

ਆਪਿ ਲੀਏ ਲੜਿ ਲਾਇ ਦਰ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲ ਸੇ ॥੨॥੧॥ (ਪੰਨਾ ੪੮੮)

ਜੀਵ-ਜੰਤ ਪ੍ਰਭੂ-ਚਰਨਾਂ ਤੋਂ ਵਿਛੜੇ ਹੋਏ ਰੋਂਦੇ ਕੁਰਲਾਂਦੇ ਫਿਰਦੇ ਹਨ, ਕਿਉਂਕਿ ਇਹ ਨਾਮ ਧਨ, *



www.AKJ.Org

# ਸੰਤ ਸਰੂਪ ਡਾਕਟਰ ਬਸੰਤ ਸਿੰਘ ਜੀ

ਸਾਡੇ ਜੇਲ੍ਹ ਗਏ ਪਿਛੋਂ ਡਾਕਟਰ ਬਸੰਤ ਸਿੰਘ ਜੀ ਨੇ ਛੋਟੀ ਹੀ ਉਮਰ ਵਿਚ ਜੱਥੇ ਨਾਲ ਸੰਬੰਧਤ, ਬਾਰ ਨਿਵਾਸੀ ਗੁਰਮੁਖ ਵੀਰਾਂ ਪਾਸੋਂ ਅੰਮ੍ਰਿਤ ਛਕਿਆ। ਅੰਮ੍ਰਿਤ ਛਕਣ ਸਾਰ ਹੀ ਤਿਆਰ-ਬਰ-ਤਿਆਰ ਸਜ ਗਏ। ਬਹੁਤਾ ਲਾਇਲਪੁਰ ਦੀ ਬਾਰ ਵਿਚ ਹੀ ਵਿਚਰਿਆ ਕਰਦੇ ਸਨ। ਸਮੂਹ ਜਥੇ ਨਾਲ ਇਨ੍ਹਾਂ ਦਾ ਬੜਾ ਗੂੜ੍ਹਾ ਪਿਆਰ ਸੀ। ਦਾਸ ਦੇ ਨਾਲ਼ ਤਾਂ ਇਸ ਵੀਰ ਦਾ ਅਣਡਿਠਾ ਹੀ ਪ੍ਰੇਮ ਪਿਆਰ ਐਸੇ ਗਹਿ-ਗਚੇ ਪੇਚਾਂ ਵਾਲਾ ਪੈ ਗਿਆ ਸੀ ਕਿ ਕਥਨ ਕਹਿਣ ਤੋਂ ਬਾਹਰਾ ਹੈ। ਸੋਆਂ ਸੁਣ ਸੁਣ ਕੇ ਹੀ ਸ਼ੈਦਾਈ ਹੋ ਗਏ ਸਨ। ਸਰੀਰ ਕਰਕੇ ਮੈਨੂੰ ਅਜੇ ਡਿਠਾ ਹੀ ਨਹੀਂ ਸੀ ਕਿ ਮੇਰੇ ਅਣਡਿਠੇ ਵਜੂਦ ਨਾਲ ਇਨ੍ਹਾਂ ਦੀ ਬਗ਼ੈਰ ਅਨੁਮਾਨੀ ਹੀ ਸੰਧੀ ਜੁੜ ਗਈ ਸੀ। ਜੁੜੀ ਵੀ ਐਸੀ ਕਿ ਦਿਨੇ ਰਾਤ ਮੇਰੇ ਮਿਲਾਪ ਦੇ ਹੀ ਸੁਪਨੇ ਇਸ ਨੂੰ ਆਉਂਦੇ ਰਹਿਣ। ਜੂਨ ੧੯੨੩ ਵਿਚ ਸ੍ਰੀ ਅੰਮ੍ਰਿਤ ਸਰੋਵਰ ਦੀ ਜਦੋਂ ਕਾਰ-ਸੇਵਾ ਹੋਈ ਹੈ, ਓਦੋਂ ਅਸੀਂ ਤਾਂ ਜੇਲ੍ਹਾਂ ਅੰਦਰ ਹੀ ਡੱਕੇ ਹੋਏ ਸਾਂ, ਸਮੂਹ ਜਥੇ ਨੇ ਜੁੜ ਕੇ ਅਤੇ ਸੈਂਕੜਿਆਂ ਦੀ ਤਦਾਦ ਵਿਚ ਸ੍ਰੀ ਅੰਮ੍ਰਿਤਸਰ ਪੁਜ ਕੇ ਦਾਸ ਨਮਿਤ ਕਾਰ ਸੇਵਾ ਦਾ ਸਰਦਾ ਵਰਦਾ ਸ਼ਰਧਾ ਪੂਰਤ ਅਰਦਾਸਾ ਸੋਧਿਆ। ਮੈਨੂੰ ਦੱਸਣ ਵਾਲੇ ਦਸਦੇ ਹਨ (ਜੋ ਕਿ ਉਸ ਕਾਰ-ਸੇਵਾ ਵਿਚ ਨਾਲ ਸਨ) ਖ਼ਾਸ ਕਰ ਗੁਰਮੁਖ ਪਿਆਰੇ ਵੀਰ ਭਾਈ ਮੱਲ ਸਿੰਘ ਜੀ ਅਤੇ ਨਿਜ ਸੁਪਤਨੀ ਸ੍ਰੀ ਮਤੀ ਕਰਤਾਰ ਕੌਰ ਦੀ ਜ਼ਬਾਨੀ ਜੋ ਕੁਝ ਸੁਣਿਆ ਅਤੇ ਉਨ੍ਹਾਂ ਦਸਿਆ, ਉਹ ਪੱਥਰ ਤੇ ਲਕੀਰ ਵਾਂਗੂੰ ਮੇਰੇ ਹਿਰਦੇ ਤੇ ਉਕਰਿਆ ਹੋਇਆ ਹੈ। ਉਹ ਦਸਦੇ ਹਨ ਕਿ ਲਾਇਲਪੁਰ ਦੀ ਬਾਰ ਵਾਲਾ ਜਥਾ ਭੀ ਉਸ ਸਮੇਂ ਅਣਗਿਣਤ ਗਿਣਤੀ ਵਿਚ ਕਾਰ-ਸੇਵਾ ਸਮਾਗਮ ਤੇ ਆਇਆ ਹੋਇਆ ਸੀ, ਉਹ ਵੀ ਉਸ ਸੇਵਾ ਵਿਚ ਸ਼ਾਮਲ ਹੋਏ। ਅਰਦਾਸਾ ਸਮੂਹ ਸੰਗਤ ਦੀ ਆਗਿਆ ਅਨੁਸਾਰ, ਮੋਗੇ ਵਾਲੇ ਗੁਰਮੁਖ ਵੀਰ ਭਾਈ ਆਤਮਾ ਸਿੰਘ ਜੀ ਵਲੋਂ*

---

* ਇਹ ਪ੍ਰਭੂ-ਪਿਆਰ ਕੋਈ ਨਿਰੇ ਆਪਣੇ ਜਤਨਾਂ ਨਾਲ ਨਹੀਂ ਪ੍ਰਾਪਤ ਕਰ ਸਕਦਾ, ਸਗੋਂ ਸਾਧੂ-ਸਤਿਗੁਰੂ ਦੀ ਬਖ਼ਸ਼ਸ਼ ਨਾਲ ਪ੍ਰਾਪਤ ਹੁੰਦਾ ਹੈ। ਜਿਹਾ ਕਿ—

ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥ (ਪੰਨਾ ੧੩੭੮)

ਜਿਸ ਤੇ ਸਤਿਗੁਰੂ ਤਰੁਠੇ, ਬਖ਼ਸ਼ਸ਼ ਕਰੇ, ਓਹੋ ਨਾਮ ਸੰਗ ਜੁਟ ਸਕਦਾ ਹੈ—

ਤੁਸਿ ਦਿਤਾ ਪੂਰੈ ਸਤਿਗੁਰੂ, ਹਰਿ ਧਨੁ ਸਚੁ ਅਖੁਟੁ ॥
ਸਭਿ ਅੰਦੇਸੇ ਮਿਟਿ ਗਏ ਜਮ ਕਾ ਭਉ ਛੁਟੁ ॥...
ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ ॥੨੯॥ (ਪੰਨਾ ੩੨੫)

ਨਾਮ-ਰੰਗਾਂ ਵਿਚ ਜੁਟਿਆ ਹੋਇਆ ਸੇਵਕ ਅੰਮ੍ਰਿਤ-ਰਸ ਭੁੰਚਦਾ ਅਤੇ ਅਚਰਜ ਸੁਆਦ ਮਾਣਦਾ ਹੈ-

ਅੰਮ੍ਰਿਤ ਨਾਮੁ ਭੁੰਚ ਮਨ ਮਾਹੀ ॥
ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥੨੭॥ (ਪੰਨਾ ੭੪੨)

ਅੰਤ ਵਿਚ ਸਤਿਗੁਰੂ ਜੀ ਨੇ ਇਹ ਵੀ ਦਸ ਦਿਤਾ ਹੈ ਕਿ ਪੂਰੇ ਸਤਿਗੁਰੂ ਜੀ ਦਾ ਬਖ਼ਸ਼ਿਆ ਇਹ ਨਾਮ ਪੂਰਬਲੇ ਭਾਗਾਂ ਅਨੁਸਾਰ ਮਿਲਦਾ ਹੈ—

ਗੁਰੁ ਪੂਰਾ ਹਰਿ ਉਪਦੇਸੁ ਦੇਇ ਸਭ ਭੁਖ ਲਹਿ ਜਾਈਐ ॥
ਜਿਸੁ ਪੂਰਬਿ ਹੋਵੈ ਲਿਖਿਆ ਸੋ ਹਰਿ ਗੁਣ ਗਾਈਐ ॥੩॥ (ਪੰਨਾ ੮੫੦)

ਬਸ ਜੀ, ਜੋ ਹਰਿ-ਗੁਣ ਗਾਉਂਦਾ ਹੈ, ਉਸੇ ਲਈ ਹੀ ਜੇਠ ਮਹੀਨਾ ਸੁਹਾਵਣਾ ਤੇ ਸੁਖਦਾਈ ਹੈ, ਨਹੀ ਤਾਂ ਦੁਨੀਆ ਮਾਇਆ ਦੀ ਤਪਸ਼ ਨਾਲ ਸੜ ਸੜ ਮਰਦੀ ਹੈ।



www.AKJ.Org

ਸੋਧਿਆ ਗਿਆ। ਅਰਦਾਸੇ ਵਿਚਕਾਰ ਜਦੋਂ ਦਾਸ ਦਾ ਜ਼ਿਕਰ ਆਇਆ ਤਾਂ ਇਹ ਨਵ-ਯੁਵਕ ਵੀਰ ਡਾ: ਬਸੰਤ ਸਿੰਘ ਮੂਰਛਤ ਹੋ ਕੇ ਡਿੱਗ ਪਿਆ। ਬਿਸਮਲ ਦੀ ਦਸ਼ਾ ਇਸ ਉਤੇ ਤਾਰੀ ਹੋ ਗਈ। ਅਰਦਾਸਾ ਸਮਾਪਤ ਹੋਣ ਪਿਛੋਂ ਇਸ ਨੂੰ ਸਾਵਧਾਨ ਕੀਤਾ ਗਿਆ। ਬਸ ਉਸ ਘੜੀ ਤੋਂ ਇਸ ਵੀਰੜੇ ਦੀ ਐਸੀ ਪੀਡੀ ਪ੍ਰੇਮ-ਗੰਢ ਇਸ ਅਣਡਿਠੇ ਵਜੂਦ ਨਾਲ ਪੈ ਗਈ ਕਿ ਮੁੜ ਛੁੱਟੀ ਨਹੀਂ। "ਤੋਰੀ ਨ ਤੂਟੈ ਛੋਰੀ ਨ ਛੂਟੈ"* ਵਾਲੀ ਗੱਲ ਹੋ ਗਈ। ਮੇਰੇ ਜੇਲ੍ਹੋਂ ਬਾਹਰ ਆਉਣ ਦੀ ਉਮੀਦ ਵਿਚ ਜਿਤਨੇ ਵੀ ਅਖੰਡ ਪਾਠ ਜਥੇ ਵਲੋਂ ਹੁੰਦੇ ਰਹੇ, ਲਗ ਪਗ ਉਨ੍ਹਾਂ ਸਾਰੇ ਸਮਾਗਮਾਂ ਵਿਚ ਹੀ ਇਹ ਵੀਰੜਾ ਸ਼ਾਮਲ ਹੁੰਦਾ ਰਿਹਾ। ਗੁਪਤੀ ਅਰਦਾਸਾਂ ਮੈਂਡੇ ਮਿਲਣ ਦੀਆਂ ਹਰ ਦਮ ਕਰਦਾ ਹੀ ਰਹਿੰਦਾ ਸੀ।

ਓੜਕ ਉਹ ਦਿਨ ਆ ਗਏ ਕਿ ੧੯੩੦ ਸੰਨ ਵਿਚ ਮੇਰੀ ਬਦਲੀ ਨਾਗਪੁਰ ਦੀ ਜੇਲ ਤੋਂ ਇਕ-ਦਮ ਲਾਹੌਰ ਸੈਂਟਰਲ ਜੇਲ੍ਹ ਵਿਚ ਹੋ ਗਈ। ਲਾਇਲਪੁਰ ਬਾਰ ਵਿਚ ਬੈਠੇ ਡਾ: ਵੀਰੜੇ ਬਸੰਤ ਸਿੰਘ ਜੀ ਨੂੰ ਪੱਕਾ ਯਕੀਨ ਹੋ ਗਿਆ ਕਿ ਹੁਣ ਮੇਲੇ ਹੋਣੇ ਅਵੱਸ਼ ਨੇੜੇ ਹੀ ਹਨ। ਮੇਰੇ ਰਿਹਾ ਹੋ ਕੇ ਜੇਲ੍ਹੋਂ ਬਾਹਰ ਆਉਣ ਦੀਆਂ ਉਡੀਕਾਂ ਕੌਣ ਕਰੇ, ਵੀਰ ਬਸੰਤ ਸਿੰਘ ਦੇ ਸਬਰ ਦਾ ਪਿਆਲਾ ਲਬਰੇਜ਼ ਹੋ ਗਿਆ। ਅਰਦਾਸਾ ਸੋਧਿਆ ਕਿ ਮੈਂ ਛੇਤੀ ਜੇਲ੍ਹ ਵਿਚ ਖ਼ੁਦ ਜਾ ਮਿਲਾਂ। ਉਨ੍ਹੀਂ ਦਿਨੀਂ ਅੰਗ੍ਰੇਜ਼ੀ ਗੌਰਮਿੰਟ ਦੇ ਬਰਖ਼ਿਲਾਫ਼ ਅਕਾਲੀਆਂ ਦੀ ਅਤੇ ਕਾਂਗਰਸ ਦੀ ਸਮਿਲਤ ਲਹਿਰ ਬੜੇ ਜ਼ੋਰਾਂ ਤੇ ਸੀ। ਐਸੀ ਸੁਤੇ ਬਿਧ ਬਣੀ ਕਿ ਇਕ ਕਾਂਗਰਸੀ-ਅਕਾਲੀ ਮਿਸਰਤ ਸਮਾਗਮ ਵਿਚ ਇਸ ਵੀਰੜੇ ਡਾਕਟਰ ਨੇ ਬੇਸੁਧੇ ਹੋ ਕੇ ਐਵੇਂ ਅਟਕਲ-ਪਚੂ ਹੀ ਜਾ ਲੈਕਚਰ ਦਿਤਾ। ਉਸ ਲੈਕਚਰ ਦੇ ਕਾਰਨ ਗੌਰਮਿੰਟ ਨੇ ਅੰਨ੍ਹੇਵਾਹ ਹੀ ਇਸ ਵੀਰੜੇ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਛੇ ਮਹੀਨੇ ਦੀ ਸਜ਼ਾ ਦੇ ਕੇ ਜੇਲ੍ਹ ਅੰਦਰ ਕਰ ਦਿਤਾ। ਸਤਿਗੁਰੂ ਦੀ ਨੇਤ ਐਸੀ ਹੋਈ ਕਿ ਗ੍ਰਿਫ਼ਤਾਰ ਹੋਣ ਸਾਰ ਹੀ ਵੀਰੜੇ ਬਸੰਤ ਸਿੰਘ ਜੀ ਦਾ ਚਲਾਨ ਸੈਂਟਰਲ ਜੇਲ੍ਹ ਲਾਹੌਰ ਵਿਚ ਹੀ ਆ ਹੋਇਆ। ਸੈਂਟਰਲ ਜੇਲ੍ਹ ਦੇ ਜਿਸ ਵਾਰਡ ਵਿਚ ਅਸੀਂ ਸਾਰੇ ਪੁਲੀਟੀਕਲ ਕੈਦੀ ਬੰਦ ਕੀਤੇ ਹੋਏ ਸੀ, ਉਸੇ ਵਾਰਡ ਵਿਚ ਹੀ ਇਸ ਵੀਰੜੇ ਨੂੰ ਦਾਖ਼ਲ ਕਰ ਦਿਤਾ। ਵੀਰ ਬਸੰਤ ਸਿੰਘ ਜੀ ਦੀਆਂ ਖ਼ੁਸ਼ੀਆਂ ਦੀ ਹੱਦ ਕੋਈ ਨਾ ਰਹੀ। ਧਾਈ ਕਰ ਕੇ ਆਇਆ, ਅਤੇ ਆਉਂਦਾ ਹੀ ਧਾ ਕੇ ਮੇਰੇ ਖੁਰੜਿਆਂ ਤੇ ਆ ਡਿੱਗਾ। ਮੈਨੂੰ ਪਤਾ ਹੀ ਨਾ ਕਿ ਇਹ ਵੀਰ ਕੌਣ ਹੈ। ਮੇਰੇ ਪਰਮ ਸਾਥੀਅੜੇ ਵੀਰ ਭਾਈ ਕਰਤਾਰ ਸਿੰਘ ਕੈਨੇਡੀਅਨ ਨੇ ਬੜੀਆਂ ਮੁਸ਼ਕਲਾਂ ਨਾਲ, ਪ੍ਰੰਤੂ ਬੜੇ ਪਿਆਰ ਹਿਤਕਾਰ ਨਾਲ ਜ਼ੋਰ ਪਾ ਕੇ, ਇਸ ਮੇਰੇ ਖੁਰੜਿਆਂ ਤੇ ਢਠੜੇ ਮੇਰੇ ਅਣਡਿਠੇ ਵੀਰ ਨੂੰ ਚੁੱਕ ਕੇ ਸਾਵਧਾਨ ਕੀਤਾ। ਚੁੱਕੇ ਵੀਰ ਦਾ ਚਿਹਰਾ ਜਦੋਂ ਸਾਡੇ ਸਨਮੁਖ ਸਾਂਗੋ ਪਾਂਗ ਹੋਇਆ, ਤਾਂ ਅਸੀਂ ਪੇਖਣ ਸਾਰ ਹੀ ਪਛਾਣ ਲਿਆ ਕਿ ਇਹ ਕੋਈ ਚਿਰਾਂ ਦਾ ਵਿਛੜਿਆ ਹੋਇਆ ਅਰੂੜਾ ਆਪਣੇ ਜਥੇ ਵਿਚੋਂ ਹੀ ਹੈ। ਕੇਵਲ ਇਤਨੀ ਪਛਾਣ ਹੀ ਉਸ ਸਮੇਂ ਹੋਈ। ਫੇਰ ਤਾਂ ਜਦੋਂ ਇਸ ਵੀਰੜੇ ਨੇ ਨਿਜ ਸਿਰ-ਬੀਤੀ ਵਾਰਤਾ ਵਰਨਣ ਕੀਤੀ ਤਾਂ ਪਰਸਪਰ ਪਰਲੇ ਦਰਜੇ ਦੀ ਪ੍ਰਸੰਨਤਾ ਪ੍ਰਾਪਤ ਹੋਈ। ਐਸੇ ਜੁੜੇ, ਜੁੜ ਕੇ ਇਕ-ਮਿੱਕ ਹੋ ਗਏ। ਗੁਰਮਤਿ ਇਕ, ਅਸੂਲ ਇਕ, ਇਕੋ ਆਸ਼ਾ ਇਸ਼ਟ ਉਪਾਸ਼ਨਾ, ਇਕੋ ਹੀ ਮਾਰਗ ਦੇ ਪਾਂਧੀ ਇਕੋ ਹੀ ਇਸ਼ਕ ਹਕੀਕੀ ਦੇ ਆਸ਼ਕ, ਕੈਸੇ ਇਕੱਠੇ ਹੋਏ, ਕੈਸੇ ਅਗੰਮੀ ਮੇਲ ਮਿਲਾਉਣੀ ਵਿਚ ਮਿਲੇ ਕਿ ਬਸ ਫਿਰ ਮਿਲੇ ਹੀ ਰਹੇ।

ਮੈਂ ਤਾਂ ਭਾਣੇ ਅੰਦਰ ਦੋ ਚਾਰ ਮਹੀਨੇ ਪਿਛੋਂ ਜੇਲ੍ਹੋਂ ਰਿਹਾ ਹੋ ਕੇ ਬਾਹਰ ਆ ਗਿਆ, ਇਹ ਵੀਰ ਦੋ ਕੁ ਮਹੀਨੇ ਹੋਰ ਜੇਲ੍ਹ ਅੰਦਰ ਰਿਹਾ। ੬ ਮਹੀਨੇ ਦੀ ਕੈਦ ਪੂਰੀ ਹੋਣ ਪੁਰ ਇਹ ਵੀ ਬਾਹਰ ਆ ਗਿਆ, ਐਸਾ ਆਇਆ ਤੇ ਆ ਕੇ ਸਾਡੇ ਸੰਗ ਰਹਾਇਆ, ਕਿ ਫਿਰ ਦੂਰ ਹੋਇਆ ਹੀ ਨਹੀਂ। ਜਿਤਨੇ ਵੀ ਸਤਿਸੰਗ ਸਮਾਗਮ ਜੁੜੇ, ਤਿਨ੍ਹਾਂ ਵਿਚ ਇਹ ਵੀਰੜਾ ਖ਼ਾਸ ਸਮਾਗਮੀਆਂ ਵਿਚੋਂ ਇਕ ਸੀ, ਛੋਟੀ ਜਿਹੀ ਉਮਰ, ਅਜੇ ਦਾੜ੍ਹਾ ਉਤਰਿਆ ਨਹੀਂ ਸੀ, ਪਰ ਪ੍ਰੇਮ ਦਾ ਪਲੀਤਾ ਇਸ ਦੇ ਘਟ ਅੰਦਰ ਐਸਾ ਦਗ਼ਿਆ ਕਿ ਅਠੇ ਪਹਿਰ ਪ੍ਰੇਮ ਹਵਾਈ ਵਾਯੂ ਮੰਡਲ ਵਿਚ ਹੀ ਗਲਤਾਨ ਰਹੇ। ਘਰ ਜਾਣ ਦੀ, ਆਪਣੇ ਸੰਸਾਰੀ ਪਰਵਾਰ ਕੁਟੰਬ

* ਬਿਲਾਵਲੁ ਮ: ੫, ਪੰਨਾ ੮੨੭



www.AKJ.Org

ਵਿਚ ਰਹਿਣ ਦੀ ਕੋਈ ਸੁਰਤ ਸਮ੍ਹਾਲ ਹੀ ਨਾ ਰਹੀ। ਗੁਰਮਤਿ ਅਸੂਲਾਂ ਵਿਚ ਅਤੇ ਗੁਰੂ ਦਸਮੇਸ਼ ਦ੍ਰਿੜ੍ਹਾਈ ਰਹਿਤ-ਰਹਿਣੀ ਵਿਚ ਐਸਾ ਪਰਪੱਕ ਗੁਰਮੁਖ ਜੀਵੜਾ ਵਿਰਲਾ ਹੀ ਵੇਖਣਾ ਹੈ। ਨਿਕੜੀ ਆਰਬਲਾ ਦੇ ਗੁਰਮਤਿ ਗੁਣ ਅਤਿ ਵਡੇਰੜੇ ਜਿਵੇਂ ਅਜ਼ਲ ਤੋਂ ਹੀ ਕੁਟ ਕੁਟ ਕੇ ਇਸ ਕ੍ਰਾਂਤ ਵਿਚ ਭਰੇ ਹੋਏ ਸਨ, ਅਤੇ ਗੁਰਮਤਿ ਕ੍ਰਾਂਤ ਅਭਿਆਸ ਦਾ ਡਾਢਾ ਧਨੀ ਸੀ, ਆਤਮ-ਰਣੀ ਇਸ ਨੰਨ੍ਹੀ ਜਿਹੀ ਜਿੰਦੜੀ ਦੇ ਰਗੋ-ਰੇਸ਼ੇ ਵਿਚ ਸਮਾਈ ਹੋਈ ਸੀ।

ਸਿਵਾਏ ਸਤਿਸੰਗ-ਰੰਗਾਂ ਦੇ ਅਤੇ ਨਾਮ-ਤਰੰਗਾਂ ਦੇ ਹੋਰ ਕੋਈ ਰੰਗ-ਤਰੰਗ ਇਸ ਦੇ ਨੇੜ ਕਦੇ ਨਹੀਂ ਢੁਕਿਆ। ਸ੍ਰੀ ਤਰਨਤਾਰਨ ਸਾਹਿਬ ਦੇ ਸਰੋਵਰ ਦੀ ਕਾਰ-ਸੇਵਾ ਸਾਡੇ ਜੇਲ੍ਹੋਂ ਬਾਹਰ ਆਉਣ ਸਮੇਂ ਹੀ ੧੯੩੧ ਵਿਚ ਹੋਈ ਹੈ। ਉਸ ਕਾਰ-ਸੇਵਾ ਦੇ ਸਮਾਗਮ ਉਤੇ ਇਸ ਕੀਰਤਨੀ ਜਥੇ ਦੇ ਸਮੂਹ ਸੱਜਣ ਢੁਕ ਢੁਕ ਕੇ ਆ ਜੁੜੇ ਸਨ, ਜਿਨ੍ਹਾਂ ਵਿਚ ਡਾਕਟਰ ਵੀਰੜਾ ਬਸੰਤ ਸਿੰਘ ਭੀ ਨਵੀਨ ਚੰਦ ਦੇ ਚੜ੍ਹਨ ਵਾਂਗੂ ਚਮਕਦਾ ਦਮਕਦਾ ਹੀ ਜਥੇ ਵਿਚ ਨਜ਼ਰੀ ਆਉਂਦਾ ਸੀ, ਹਰ ਛਿਨ ਹਰ ਘੜੀ ਪ੍ਰੇਮ ਮਗਨਤਾ ਵਿਚ ਹੀ ਮਗਨ ਦਿਸਦਾ ਸੀ। ਕਿਸੇ ਨਾਲ ਗੱਲ ਨਹੀਂ, ਕਿਸ ਨਾਲ ਵਾਦ ਵਿਵਾਦ ਨਹੀਂ, ਕਿਸੇ ਨਾਲ ਹੋਰ ਕੋਈ ਵਾਸਤਾ ਨਹੀਂ, ਕੇਵਲ ਇਕੋ ਲਿਵ ਪ੍ਰਮਾਰਥ-ਪ੍ਰੇਮ ਦੀ ਇਸ ਨੂੰ ਹਰ ਦਮ ਲਗੀ ਰਹਿੰਦੀ ਸੀ। ਨਿਸ਼ਕਾਮ ਸੇਵਾ ਦਾ ਮਾਦਾ ਇਸ ਸਾਦਾ ਲੌਹ ਯੁਵਕੜੇ ਦੇ ਰੋਮ ਰੋਮ ਅੰਦਰ ਅਜ਼ਗੈਬੋਂ ਹੀ ਭਰਿਆ ਹੋਇਆ ਸੀ। ਇਸ ਕਾਰ-ਸੇਵਾ ਸਮਾਗਮ ਉਤੇ ਸਾਰੀ ਜੁੜੀ ਸੰਗਤ ਦੀ ਇਸ ਸੇਵਾ-ਪੁੰਜ ਵੀਰੜੇ ਨੇ ਯਥਾ ਸ਼ਕਤਿ ਰਜ ਪੁਜ ਕੇ ਸੇਵਾ ਕੀਤੀ, ਲਗਾਤਾਰ ਜਥੇ ਦੇ ਨਾਲ ਹੀ ਸਾਰਿਆਂ ਸਮਾਗਮਾਂ ਤੇ ਰਿਹਾ ਕਰੇ, ਆਪਣੇ ਨਿਜ ਸੰਸਾਰਕ ਘਰ ਬਾਰ ਦੀ ਸਾਰ ਹੀ ਨ ਲਵੇ, ਨ ਉਥੇ ਜਾਵੇ। ਇਸ ਦਾ ਸਾਰਾ ਪਰਵਾਰ ਇਸ ਦੇ ਨਾਲ ਬੜਾ ਹੀ ਪੁੱਜ ਕੇ ਪਿਆਰ ਕਰਦਾ ਸੀ। ਇਸ ਦੇ ਮਾਤਾ ਪਿਤਾ ਭੈਣ ਭਾਈ ਸਾਰੇ ਦੇ ਸਾਰੇ ਹੀ ਗੁਰਮਤਿ ਦੇ ਅਨੁਸਾਰੀ ਪਹਿਲਾਂ ਹੀ ਸਨ। ਵੀਰ ਬਸੰਤ ਸਿੰਘ ਜੀ ਦੇ ਪ੍ਰਭਾਵ ਨਾਲ ਹੋਰ ਵੀ ਪਰਮ ਪ੍ਰੇਮੀ ਅਧਿਕਾਰੀ ਜਨ ਬਣ ਗਏ। ਦਿਨਾਂ ਵਿਚ ਹੀ ਸਾਰੇ ਪਰਵਾਰ ਨੇ ਖੰਡੇ ਦਾ ਅੰਮ੍ਰਿਤ ਛਕ ਲਿਆ ਤੇ ਤੱਤ ਗੁਰਮਤਿ ਦੇ ਅਸੂਲਾਂ ਤੇ ਦ੍ਰਿੜ੍ਹ ਹੋ ਗਏ। ਇਕ ਦਿਨ ਡਡਿਆ ਕੇ ਸਾਰੇ ਪਰਵਾਰ ਨੇ ਪ੍ਰੇਮ-ਫਰਿਆਦੀ ਹੋ ਕੇ ਫਰਿਆਦ ਕੀਤੀ ਸਾਰੀ ਸੰਗਤ ਅੱਗੇ; ਕਿ ਇਸ ਨੂੰ ਜਥੇ ਵਲੋਂ ਆਗਿਆ-ਪੂਰਤ ਹੁਕਮਨ ਇਜਾਜ਼ਤ ਦਿਤੀ ਜਾਵੇ ਕਿ ਸਾਡਾ ਇਹ ਅਜ਼ੀਜ਼ ਸੇਖਵਾਂ ਵਿਚ ਹੀ ਰਹੇ ਸਹੇ, ਸਾਡੀਆਂ ਅੱਖੀਆਂ ਤੋਂ ਓਹਲੇ ਨਾ ਹੋਵੇ, ਸੰਸਾਰਕ ਕਾਰ ਵਿਹਾਰ ਨਿਸੰਗ ਕੁਝ ਨ ਕਰੇ, ਨਿਰੋਲ ਸਤਿਸੰਗ ਨਾਮ-ਤਰੰਗੀ-ਅਨੰਦ ਵਿਚ ਹੀ ਰਹੇ। ਅਸੀਂ ਸਾਰੇ ਇਸ ਨੂੰ ਦੇਖ ਕੇ ਜੀਵਾਂਗੇ ਤੇ ਨਗਰ-ਨਿਵਾਸੀ ਹੋਰ ਸਾਰਿਆਂ ਜੰਤਾਂ ਸਮੇਤ ਸਤਿਸੰਗ ਪ੍ਰੇਮ-ਪਿਆਲੇ ਪੀਵਾਂਗੇ ਅਤੇ ਪੀਂਦੇ ਰਹਾਂਗੇ। ਇਸ ਅਜ਼ੀਜ਼ ਦੇ ਤੁਫ਼ੈਲ ਸੇਖਵਾਂ ਨਗਰੀ ਵਿਚ ਹੀ ਸਾਰੇ ਜਥੇ ਦੇ ਦਰਸ਼ਨ ਹੋਣ ਅਤੇ ਅਖੰਡ ਕੀਰਤਨ ਦੇ ਅਨੰਦ ਮੰਗਲ ਬੱਝਣ। ਇਹ ਸਾਡੀ ਜਿਗਰੀ ਕਾਮਨਾ ਹੈ।

ਗੱਲ ਕੀ, ਇਸ ਖ਼ਾਲਸ ਗੁਰਮਤਿ-ਭਿੰਨੀ ਬਿਨੈ ਜੋਦੜੀ ਦੇ ਅਧੀਨ ਪ੍ਰਾਇਣ ਹੋ ਕੇ ਇਸ ਵੀਰੜੇ ਬਸੰਤ ਸਿੰਘ ਜੀ ਨੂੰ ਸੇਖਵੀਂ ਨਿਜ ਪਰਵਾਰ ਦੇ ਨਾਲ ਹੀ ਨਿਵਾਸ ਰੱਖਣ ਦੀ ਤਾਕੀਦੀ ਆਗਿਆ ਕੀਤੀ ਗਈ। ਆਗਿਆ ਨੂੰ ਸਿਰ ਮਥੇ ਤੇ ਮੰਨ ਕੇ ਵੀਰ ਜੀ ਪਰਵਾਰ ਦੇ ਨਾਲ ਤੁਰ ਪਏ। ਤੁਰੇ ਜਾਂਦੇ ਜਦ ਤਾਈਂ ਦ੍ਰਿਸ਼ਟੀ ਗੋਚਰ ਰਹੇ, ਪਿਛਲ-ਖੋਰੀ ਹੀ ਤੁਰੇ ਜਾਣ, ਪ੍ਰੇਮ-ਮਤਵਾਲੇ ਹੋਏ ਵੇ ਕਿਸੇ ਓਰ ਤਕਣ ਹੀ ਨਾ। ਏਨ੍ਹਾਂ ਨੂੰ ਪਿਛਲੇ ਪਾਸਿਓਂ ਏਨ੍ਹਾਂ ਦੇ ਨਗਰ-ਪ੍ਰੇਮੀ ਇਉਂ ਫੜੀ ਜਾਣ ਜਿਵੇਂ ਕਿਸੇ ਸੁਧੋਂ ਬੇਸੁਧ ਹੋਏ ਮਸਤ ਮਤਵਾਲੇ ਨੂੰ ਫੜੀ ਜਾਂਦੇ ਹਨ। ਮੁਕਦੀ ਗੱਲ, ਇਹ ਘਰ ਪਹੁੰਚ ਗਏ। ਏਨ੍ਹਾਂ ਦੀ ਪਰਮ ਇਛਾ ਦੇ ਅਨਕੂਲ ਹੁੰਦੇ ਹੋਏ, ਇਨ੍ਹਾਂ ਦੇ ਗੁਰਮੁਖ ਮਾਤਾ ਪਿਤਾ ਅਤੇ ਸਭ ਪਰਵਾਰੀਆਂ ਨੇ ਇਸ ਵੀਰ ਦੇ ਨਮਿਤ, ਇਨ੍ਹਾਂ ਦੇ ਆਪਣੇ ਖੇਤ ਵਿਚ ਹੀ (ਜੋ ਪਿੰਡ ਤੋਂ ਚਾਰ ਪੰਜ ਫ਼ਰਲਾਂਗ ਦੇ ਫ਼ਾਸਲੇ ਤੇ ਸੀ) ਇਕ ਪ੍ਰੇਮ-ਕੁਟੀਆ ਭਜਨ ਲਈ ਬਣਵਾ ਦਿਤੀ, ਜਿਥੇ ਇਹ ਦਿਨ ਰਾਤ ਭਜਨ-ਭਗਤੀ-ਭਾਵ ਵਿਚ ਹੀ ਹਰ ਛਿਨ ਮਸਤੁਲ-ਮਸਤ ਰਿਹਾ ਕਰਨ। ਇਸ ਵੀਰ ਡਾਕਟਰ ਬਸੰਤ ਸਿੰਘ ਜੀ ਨੇ ਡਾਕਟਰੀ ਦਾ ਪ੍ਰੋਫ਼ੈਸ਼ਨ (ਕਿੱਤਾ) ਤਾਂ ਚਿਰੋਕਣਾ ਛਡ



www.AKJ.Org

ਦਿਤਾ ਹੋਇਆ ਸੀ, ਜਥੇ ਵਾਲੇ ਸੱਜਣ ਅਕਸਰ ਏਨਾਂ ਨੂੰ ਡਾਕਟਰ ਬਸੰਤ ਸਿੰਘ ਕਰਕੇ ਹੀ ਅਲਾਇਆ ਪੁਕਾਰਿਆ ਕਰਦੇ ਸਨ। ਪਰ ਇਸ ਵੀਰ ਦੀ ਅਟੱਲ ਭਾਉ-ਭਗਤੀ, ਭਜਨ ਅਭਿਆਸ ਦੇ ਪ੍ਰਭਾਵ ਕਾਰਨ ਸੇਖਵਾਂ ਪਿੰਡ ਦੇ ਨੇੜੇ ਤੇੜੇ ਦੇ ਸਾਰਿਆਂ ਨਗਰਾਂ ਵਿਚ, ਇਹ ਸੰਤ ਬਸੰਤ ਸਿੰਘ ਕਰਕੇ ਹੀ ਮਸ਼ਹੂਰ ਤੇ ਪ੍ਰਸਿੱਧ ਸਨ। ਫਿਰ ਤਾਂ ਉਹ ਭਜਨ-ਕੁਟੀਆ ਇਕ ਤਕੜੇ ਡੇਰੇ ਦੇ ਸਰੂਪ ਵਿਚ ਵਿਸਥਾਰਤ ਹੋ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਛੋਟਾ ਜਿਹਾ ਗੁਰਦਵਾਰਾ ਵਖਰਾ ਤੇ ਨਿਵੇਕਲਾ ਸਜ ਗਿਆ ਅਤੇ ਸੰਗਤ ਦੇ ਸਮਾਗਮ ਜੁੜਨ ਲਗ ਪਏ। ਅਖੰਡ ਕੀਰਤਨਾਂ ਦੀ ਬੜੀ ਹੀ ਅਖੰਡ ਪ੍ਰਤਾਪੀ ਕਲਾ ਵਰਤੀ। ਬੇਅੰਤ ਹੀ ਪਰਵਾਰਾਂ ਦੇ ਪਰਵਾਰ ਸਿੰਘ ਸਜ ਕੇ ਤਿਆਰ-ਬਰ-ਤਿਆਰ ਹੋ ਗਏ। ਨਵਨਿਧੀਆਂ ਰਿਧੀਆਂ ਸਿਧੀਆਂ ਅਗੇ ਪਿਛੇ ਫਿਰਨ ਲਗ ਪਈਆਂ, ਪਰ ਏਨ੍ਹਾਂ ਚੇਟਕਾਂ ਵਿਚ ਅਸਾਡਾ ਪਿਆਰਾ ਵੀਰ ਪਿਆ ਹੀ ਨਹੀਂ। ਸਦਾ ਹੀ ਨਿਰਲੇਪ ਰਿਹਾ। ਸਾਰੀ ਉਮਰ ਬਾਲ-ਜਤੀ ਹੀ ਰਹੇ। ਇਲਮੁਲ ਗ਼ਾਇਬ ਨਾਲ ਇਹ ਪਤਾ ਲਗ ਗਿਆ ਸੀ ਕਿ ਤਿਲ ਥੋੜੜੇ ਹੀ ਹਨ, ਛੋਟੀ ਉਮਰ ਵਿਚ ਹੀ ਅਕਾਲ ਚਲਾਣਾ ਕਰ ਜਾਣਾ ਹੈ। ਇਸ ਕਰਕੇ ਸ਼ਾਦੀ ਕਰਾਉਣ ਦੇ ਅਡੰਬਰ ਕਾਹਨੂੰ ਕਰਨੇ ਹਨ, ਕਦੇ ਸੰਕਲਪ ਵੀ ਨਹੀਂ ਫੁਰਿਆ ਸੀ। ਖ਼ੁਦ ਇਕ ਅਕਾਲ ਪੁਰਖ ਨਾਲ ਆਪਣਾ ਵਿਆਹ ਕਰਵਾਇਆ ਹੋਇਆ ਸੀ। ਦੁਨੀਆਦਾਰੀ ਨਰੜ ਕਰਕੇ ਸੁਤੰਤਰਤਾ ਵਿੱਚ ਫ਼ਰਕ ਆਉਂਦਾ ਸੀ। ਗੁਰਮਤਿ ਅਸੂਲ ਪੂਰਨ ਤੇ ਦ੍ਰਿੜ੍ਹ ਸੀ। ਪਰ ਆਪਣੀ ਥੋੜੀ ਹਯਾਤ ਦੀ ਅਜ਼ਗ਼ੈਬੀ ਗਿਆਤ ਹੋਣ ਕਰਕੇ ਸ਼ਾਦੀ ਕਰਨ ਦੇ ਝਮੇਲੇ ਵਿਚ ਕਦੇ ਪਏ ਹੀ ਨਹੀਂ ਸਨ। ਇਨ੍ਹਾਂ ਦੇ ਮਾਤਾ ਪਿਤਾ ਆਦਿਕ ਬਜ਼ੁਰਗਵਾਰ ਰਿਸ਼ਤੇਦਾਰਾਂ ਦਾ ਕਦੇ ਹੀਆ ਨਹੀਂ ਪਿਆ ਸੀ ਕਿ ਇਨ੍ਹਾਂ ਨੂੰ ਕੋਈ ਜਬਰੀ ਪ੍ਰੇਰਨਾ ਕਰ ਸਕਣ।

ਸਿਆਲਕੋਟ ਦੇ ਸਾਰੇ ਇਲਾਕੇ ਵਿੱਚ, ਖ਼ਾਸ ਕਰ ਨਾਰੋਵਾਲ ਦੀ ਤਸੀਲ ਵਿੱਚ ਗੁਰਮਤਿ ਤੱਤ ਅਸੂਲਾਂ ਦਾ ਪ੍ਰਚਾਰ ਇਨ੍ਹਾਂ ਦੇ ਰਾਹੀਂ ਏਤਨਾ ਸੀ ਕਿ ਪਿੰਡ ਪਿੰਡ ਵਿੱਚ ਤਿਆਰ-ਬਰ-ਤਿਆਰ ਸਿੰਘਾਂ ਦੇ ਜਥੇ ਸਜੇ ਹੋਏ ਸਨ। ਜਦੋਂ ਕਦੀ ਭੀ ਅਸੀਂ ਜਥੇ ਸੰਯੁਕਤ ਇਨ੍ਹਾਂ ਦੇ ਪਿੰਡ ਸੇਖਵਾਂ ਜਾਣਾ, ਤਾਂ ਪਹਿਲਾਂ ਹੀ ਸਾਰਾ ਪ੍ਰਬੰਧ ਉਨ੍ਹਾਂ ਦਾ ਕੀਤਾ ਹੋਣਾ। ਬਾਹਰ ਡੇਰੇ ਵਿਚ ਤੰਬੂ ਕਨਾਤਾਂ ਸ਼ਾਮਿਆਨੇ ਲਗੇ ਹੋਏ ਹੋਣੇ। ਜੰਗਲ ਵਿਚ ਮੰਗਲ ਬਣੇ ਹੋਏ ਸਨ, ਬੜਾ ਇਕਾਂਤ ਸਥਾਨ ਸੀ। ਹਜ਼ਾਰਾਂ ਦੀ ਤਾਦਾਦ ਵਿਚ ਸੰਗਤਾਂ ਨੇ ਆ ਇਕੱਤਰ ਹੋਣਾ। ਕੀਰਤਨ-ਸਮਾਗਮ ਤਾਂ ਨਿਤਾ-ਪ੍ਰਤਿ ਹੀ ਹੁੰਦੇ ਰਹਿੰਦੇ ਸਨ। ਜਥੇ ਦੇ ਅਸੂਲਾਂ ਦਾ ਨਿੱਗਰ ਪ੍ਰਚਾਰ ਜੋ ਇਸ ਇਲਾਕੇ ਵਿਚ ਡਾਕਟਰ ਬਸੰਤ ਸਿੰਘ ਜੀ ਦੇ ਪ੍ਰਭਾਵ ਕਰਕੇ ਹੋਇਆ ਹੈ, ਉਹ ਹੋਰ ਕਿਸੇ ਵਿਰਲੀ ਵਿਅਕਤੀ ਨੇ ਹੀ ਕੀਤਾ ਹੋਣਾ ਹੈ। ਜਦ ਅਸੀਂ ਕਸ਼ਮੀਰ ਨੂੰ ਜਾਣਾ, ਤਾਂ ਇਨ੍ਹਾਂ ਨੇ ਸਾਨੂੰ ਏਥੇ ਜ਼ਰੂਰ ਅਟਕਾਵਣਾ। ਇਸੇ ਪਾਸੇ ਵਲ ਜਾਣ ਦੀ ਪ੍ਰੇਰਨਾ ਵੀਰ ਵੱਲੋਂ ਬੜੀ ਪ੍ਰਬਲ ਹੋਇਆ ਕਰਦੀ ਸੀ। ਏਧਰਲੀਆਂ ਸੰਗਤਾਂ ਵਿੱਚ ਏਨ੍ਹਾਂ ਦਾ ਬੜਾ ਹੀ ਪ੍ਰਭਾਵ-ਸ਼ਾਲੀ ਰੁਹਬ ਸੀ। ਜਿਤਿੰਦੇ ਹੋਣ ਕਰਕੇ ਅਤੇ ਗੁਰਮਤਿ ਨਾਮ ਦੇ ਤੱਤ ਅਭਿਆਸੀ ਹੋਣ ਕਰਕੇ ਏਨ੍ਹਾਂ ਦੀ ਨਿਸ਼ਕਾਮ ਤਪੱਸਿਆ ਦਾ ਹੀ ਪ੍ਰਤਾਪ ਸੀ। ਸੁਤੇ-ਸੁਭਾਵ ਹੀ ਸਾਰੇ ਸਿੰਘਾਂ ਵਿਚ ਏਨ੍ਹਾਂ ਦੇ ਆਗਿਆਕਾਰੀ ਰਹਿਣ ਦਾ ਬੜਾ ਹੀ ਬੇਨਜ਼ੀਰ ਡਿਸਿਪਲਿਨ (ਜ਼ਬਤ) ਬਣਿਆ ਹੋਇਆ ਸੀ। ਕੀ ਬੜੇ, ਕੀ ਛੋਟੇ, ਬਜ਼ੁਰਗ ਵੱਡੀ ਉਮਰ ਵਾਲੇ ਸਿੰਘ ਸੱਜਣ ਇਨ੍ਹਾਂ ਦਾ ਪੁਜ ਕੇ ਸਤਿਕਾਰ ਕਰਿਆ ਕਰਦੇ ਸਨ। ਪਰ ਸੰਤ ਵੀਰ ਡਾ: ਬਸੰਤ ਸਿੰਘ ਜੀ ਨੂੰ ਸਤਿਕਾਰ ਕਰਾਉਣ ਦਾ ਉੱਕਾ ਹੀ ਸ਼ੌਕ ਨਹੀਂ ਸੀ। ਕਈ ਥੋੜੀ ਅਕੀਦਤ ਦੇ ਕਜ-ਖ਼ਿਆਲੀ ਪੁਰਸ਼ ਇਹ ਵੀ ਖ਼ਿਆਲ ਕਰ ਲੈਂਦੇ ਸਨ ਕਿ ਸ਼ਾਇਦ ਏਥੇ ਸੰਤ-ਡੰਮ ਦਾ ਪਹਿਰਾ ਪਹਾਰਾ ਹੋਣਾ ਹੈ। ਪਰ ਇਹ ਖ਼ਿਆਲ ਉਨ੍ਹਾਂ ਦਾ ਨਿਰਾ ਹੀ ਨਿਰਮੂਲ ਸੀ, ਆਪੋ ਵਿਚ ਹੀ ਉਨ੍ਹਾਂ ਦੀ ਆਪ-ਹੁਦਰੀ ਭਰਾਂਤੀ ਸੀ। ਡਾ: ਬਸੰਤ ਸਿੰਘ ਜੀ ਨੂੰ ਇਸ ਗੱਲ ਦਾ ਲੇਪ ਛੇਪ ਵੀ ਹੈ ਨਹੀਂ ਸੀ।

ਗੁਰਮਤਿ ਲੰਗਰ ਸੇਖਵਾਂ ਦੇ ਡੇਰੇ ਵਿਚ ਚਲਦਾ ਹੀ ਰਹਿੰਦਾ ਸੀ, ਜਿਸ ਵਿਚ ਡਾ: ਬਸੰਤ ਸਿੰਘ ਦੀ ਆਪਣੀ ਛੋਟੀ ਭਰਜਾਈ ਬੀਬੀ ਪ੍ਰੀਤਮ ਕੌਰ ਜੀ ਦੀ ਮੁਖ ਪ੍ਰਧਾਨਤਾ ਸੀ। ਇਸ ਸੀਸ ਤੇ ਦਸਤਾਰ-ਸਜੀ-



www.AKJ.Org

ਬੀਬੀ ਦਾ ਏਤਨਾ ਜਬ੍ਹਾ ਸੀ ਕਿ ਕਿਸੇ ਦੀ ਮਜਾਲ ਨਹੀਂ ਸੀ ਕਿ ਲੰਗਰ ਦੇ ਮੰਡਲ ਵਲ ਕੋਈ ਅੱਖ ਫਰਕ ਕੇ ਵੀ ਝਾਕ ਸਕੇ। ਇਹ ਬੀਬੀ ਪ੍ਰੀਤਮ ਕੌਰ ਅਤਿਅੰਤ ਸੁਸ਼ੀਲ ਅਤੇ ਸਵਾਸ ਸਵਾਸ ਨਾਮ ਜਪਣ ਵਾਲੀ ਪੁਰਾਤਨ ਦੇਵੀ ਸੀ, ਜਿਸ ਦੇ ਦੈਵੀ ਸੁਭਾਵ ਅਤੇ ਪ੍ਰਭਾਵ-ਸ਼ਾਲੀ ਪ੍ਰਬੰਧ ਕਰਕੇ ਜੋ ਜੋ ਬੀਬੀਆਂ ਭੁਜੰਗਣਾਂ ਲੰਗਰ ਵਿਚ ਸੇਵਾ ਕਰਦੀਆਂ ਸਨ, ਉਨ੍ਹਾਂ ਦੇ ਗੁਰਮਤਿ ਜੀਵਨ ਨਾਮ-ਅਭਿਆਸ-ਕੁਠਾਲੀ ਵਿਚ ਢਲੇ ਹੋਏ ਸਨ। ਸੇਵਾ ਕਰਦਿਆਂ ਉਨ੍ਹਾਂ ਦੀਆਂ ਮਖ਼ਮੂਰ ਅੱਖੀਆਂ ਕਦੇ ਨਹੀਂ ਉਘੜਦੀਆਂ ਸਨ। ਡਾ: ਬਸੰਤ ਸਿੰਘ ਜੀ ਦੇ ਸੁੰਦਰ ਸੁਡੌਲ ਯੁਵਾ ਅਵਸਥਾ ਵਾਲੀ ਸੂਰਤ ਕ੍ਰਾਂਤੀ ਤੇ ਆਮ ਨੌਜਵਾਨ ਜ਼ਨਾਨੀਆਂ ਬਬਰੀਆਂ ਮੋਹਤ ਹੋ ਜਾਂਦੀਆਂ ਸਨ, ਪ੍ਰੰਤੂ ਡਾਕਟਰ ਜੀ ਹਮੇਸ਼ਾ ਹੀ ਨਾਮ-ਰੰਗ ਦੀ ਉੱਚੀ ਔਜ ਮੌਜ ਵਿਚ ਹੀ ਮਗਤ ਰਹਿੰਦੇ ਸਨ। ਉਨ੍ਹਾਂ ਦੇ ਗੁਰਮਤਿ-ਗੀਧੇ-ਫੁਰਨਿਆਂ ਅਗੇ ਕਿਸੇ ਵਿਕਾਰੀ ਸੰਕਲਪ ਦਾ ਕੀ ਦਮ ਖ਼ਮ ਸੀ, ਕਿ ਟਿਕ ਸਕੇ। ਭੇੜਾ ਵੇਖਣ ਵਾਲਿਆਂ ਦੀ ਆਪਣੀ ਦ੍ਰਿਸ਼ਟੀ-ਕੋਨ ਵਿਚ ਹੀ ਭੇੜ ਹੁੰਦਾ ਹੈ।

ਡਾ: ਬਸੰਤ ਸਿੰਘ ਜੀ ਅਕਸਰ ਸਾਡੇ ਨਾਲ ਹੀ ਕਸ਼ਮੀਰ ਜਾਇਆ ਕਰਦੇ ਸਨ ਅਤੇ ਜੇਹਲਮ ਦਰਿਆ ਦੇ ਇਕ ਹੈਡ-ਵਰਕੀ-ਇਕਾਂਤ-ਅਸਥਾਨ ਤੇ ਸਾਨੂੰ ਹਮੇਸ਼ਾ ਹੀ ਲੈ ਜਾਇਆ ਕਰਦੇ ਸਨ। ਵਗਦੇ ਦਰਿਆ ਦੇ ਕਿਨਾਰੇ ਦੀਆਂ ਉੱਚੀਆਂ ਚਟਾਨਾਂ ਉਤੇ ਸਾਰਾ ਸਾਰਾ ਦਿਨ ਵਖੋ ਵਖ ਥਾੜੀਂ ਅਭਿਆਸ-ਆਸਣ ਜਮਾ ਕੇ ਬੈਠੇ ਰਹਿਣਾ ਤੇ ਅਡੋਲ ਅਨੰਦ ਮਾਨਣੇ। ਕਈ ਕਈ ਰਾਤਾਂ ਅਭਿਆਸ-ਲਹਿਰਾਂ ਵਿਚ ਹੀ ਗੁਜ਼ਾਰਨੀਆਂ। ਸਾਲ ਦਰ ਸਾਲ ਨਾਰੰਗਵਾਲ ਵਿਖੇ ਗੁਰਪੁਰਬ ਪੋਹ ਸੁਦੀ ਸੱਤਵੀਂ ਦੇ ਸਮਾਗਮਾਂ ਉਤੇ ਸਾਰਾ ਜਥਾ ਲੈ ਕੇ ਆਉਣਾ ਅਤੇ ਕੀਰਤਨ ਕਰਦੇ ਰਹਿਣਾ। ਕਈ ਕਈ ਵਾਰ ਕਿਲ੍ਹਾ ਰਾਇਪੁਰ ਸਟੇਸ਼ਨ ਤੋਂ ਉਤਰ ਕੇ ਅੱਧੀ-ਅੱਧੀ ਰਾਤੀ ਪੈਦਲ ਤੁਰ ਤੁਰ ਕੇ ਅੱਪੜਨਾ। ਸੀਸ-ਦਸਤਾਰ-ਸਜੀਲੀਆਂ ਬੀਬੀਆਂ ਭੁਝੰਗਣਾਂ ਦਾ ਜਥਾ ਵੀ ਨਾਲ ਹੋਇਆ ਕਰਦਾ ਸੀ। ਕੀਰਤਨ ਦੇ ਖ਼ੂਬ ਧਨੀ ਸਨ। ਸੰਗਤਾਂ ਸਮੇਤ ਭੂਮ-ਆਸਨੀ-ਉਤਾਰੇ ਲੈਣੇ। ਰੁੱਖਾ ਸੁੱਖਾ ਭੋਜਨ ਛਕ ਕੇ ਹੀ ਸੰਤੁਸ਼ਟ ਰਹਿਣਾ। ਗੁਰੂ ਕੇ ਲੰਗਰ ਲਈ ਰਾਸ਼ਨ ਸੀਸ ਤੇ ਚੁਕ ਲਿਆਵਣਾ। "ਅਪਨਾ ਬਿਗਾਰਿ ਬਿਰਾਨਾ ਸਾਂਢੈ"* ਦੇ ਗੁਰਵਾਕ ਅਨੁਸਾਰ ਪਰਉਰਕਾਰ ਹਿਤ ਆਪਣਾ ਸਾਰਾ ਸਰਬੰਸ ਵੀ ਵਾਰਨ ਤਾਈਂ ਜਾਂਦੇ ਸਨ, ਆਪਣੇ ਧਨ ਧਾਮ ਘਰ ਘਾਟ ਵੀ। ਇਕੋ ਮਿਸਾਲ ਕਾਫ਼ੀ ਹੈ, ਉਦਾਹਰਣ ਲਈ:

**ਘੱਲੂਘਾਰੇ ਦੇ ਦਿਨਾਂ ਦੀ ਸੇਵਾ—**

੧੯੪੭ ਵਿਚ ਜਦੋਂ ਮੁਸਲਿਮ ਲੀਗੀ-ਪਾਕਿਸਤਾਨੀ ਵੱਡਾ ਘੱਲੂਘਾਰਾ ਹੋਇਆ, ਜ਼ਿਲਾ ਸਿਆਲਕੋਟ ਸਾਰੇ ਦਾ ਸਾਰਾ ਪਾਕਿਸਤਾਨੀ ਵੰਡ ਵਿਚ ਆ ਗਿਆ ਸੀ। ਡਾਕਟਰ ਸਾਹਿਬ ਨੂੰ ਆਪਣੇ ਪਰਵਾਰ ਦੀ ਪਰਵਾਹ ਨਹੀਂ ਰਹੀ ਪਹਿਲਾਂ ਹੋਰ ਪਰਵਾਰਾਂ ਦੀ ਰਖਸ਼ਾ ਵਿਚ ਤਤਪਰ ਹੋ ਗਏ। ਸਿਆਲਕੋਟ ਦੇ ਇਤਿਹਾਸਕ ਗੁਰਦਵਾਰਿਆਂ, ਗੁ: ਬੇਰ ਸਾਹਿਬ, ਗੁ: ਬਾਵਲੀ ਸਾਹਿਬ ਆਦਿਕ ਦੁਆਲੇ ਬੇ-ਪ੍ਰਵਾਹ ਪਹਿਰਾ ਦੇ ਕੇ ਹਿਫ਼ਾਜ਼ਤ ਕੀਤੀ। ਜਦੋਂ ਸਿਆਲਕੋਟ ਦੇ ਜ਼ਿਲੇ ਦੇ ਸਿੱਖਾਂ ਉੱਪਰ ਭੀੜ ਪਈ, ਤਾਂ ਉਸ ਭੀੜ ਵਿਚੋਂ ਗੁਰਸਿੱਖ ਪਰਵਾਰਾਂ ਨੂੰ ਕੱਢਣ ਲਈ ਸਿਰ ਧੜ ਦੀ ਬਾਜ਼ੀ ਲਾ ਕੇ ਪੂਰੇ ਪੂਰੇ ਯਤਨ ਕੀਤੇ। ਸ: ਹਰਨਾਮ ਸਿੰਘ ਉਬਰਾਏ ਦੇ ਸਾਰੇ ਪਰਵਾਰ ਨੂੰ ਸ਼ਹਿਰ ਸਿਆਲਕੋਟ ਵਿਚੋਂ ਜ਼ਰੂਰੀ ਸਮਾਨ ਸਮੇਤ ਆਪਣੇ ਸਾਥ ਲਿਆ ਕੇ ਰੋਪੜ ਦੇ ਪਾਸ ਮੀਰਾਂ ਮੀਰ ਪਿੰਡ ਵਿਚ ਜਾ ਵਸਾਇਆ। ਦਾਸ ਨੇ ਇਨ੍ਹਾਂ ਨੂੰ ਖ਼ਾਸ ਤਾਕੀਦ ਕੀਤੀ ਕਿ ਪਹਿਲਾਂ ਆਪਣੇ ਨਿਜ ਪਰਵਾਰ ਨੂੰ ਇਸ ਘਲੂਘਾਰੇ ਦੇ ਗੇੜੇ ਵਿਚੋਂ ਕੱਢ ਕੇ ਕਿਸੇ ਸੁਰੱਖਿਅਤ ਅਸਥਾਨ ਉਤੇ ਇਸ ਪਾਸੇ ਛੱਡ ਜਾਓ। ਇਸ ਪ੍ਰੇਰਨਾ ਦੀ ਤਾਮੀਲ ਕਰਨ ਲਈ ਡਾਕਟਰ ਸਾਹਿਬ ਧਾ ਕੇ ਆਪਣੇ ਪਿੰਡ ਸੇਖਵਾਂ ਵਲ ਗਏ। ਪਿੰਡ ਅਜੇ ਪਹੁੰਚੇ ਹੀ ਨਹੀਂ ਸਨ ਕਿ ਨਾਰੋਵਾਲ ਤਸੀਲ ਦੀਆਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਪਰਵਾਰਾਂ ਸਮੇਤ ਉਜੜ ਨਿਕਲੀਆਂ ਚਲੀਆਂ ਆਉਣ, ਉਨ੍ਹਾਂ ਨੂੰ ਕਿਸੇ ਪਾਸੇ ਟਿਕਾਣੇ ਲਗਣ ਦਾ ਪਤਾ ਨਹੀਂ ਸੀ। ਉਹ ਡਾਕਟਰ ਸਾਹਿਬ ਦੀ ਅਗਵਾਈ ਚਾਹੁੰਦੇ ਹੀ ਸਨ। ਡਾ: ਬਸੰਤ ਸਿੰਘ ਜੀ ਨੇ ਆਪਣੇ

* ਗੋਂਡ ਰਵਿਦਾਸ ਜੀਉ, ਪੰਨਾ ੮੭੫



www.AKJ.Org

ਨਿਜ ਪਰਵਾਰ ਦੀ ਪ੍ਰਵਾਹ ਨਹੀਂ ਕੀਤੀ। ਸਾਰਾ ਪਰਵਾਰ ਕੁਰਬਾਨ ਕਰਵਾ ਲਿਆ। ਪਰਵਾਰ ਦਾ ਬੱਚਾ ਬੱਚਾ ਸ਼ਹੀਦ ਹੋ ਗਿਆ, ਪਰ ੬੦ ਲੱਖ ਸਿੰਘਾਂ ਦੇ ਕਾਫ਼ਲੇ ਨੂੰ ਆਪਣੀ ਸਰਕਰਦਗੀ ਵਿਚ ਸੁਰੱਖਿਅਤ ਬਚਾਅ ਕੇ ਰਾਵੀਓਂ ਪਾਰ ਲੈ ਆਏ। ਸਾਵਣ ਭਾਦਰੋਂ ਦੇ ਦਿਨ ਸਨ, ਉਪਰੋਂ ਲਗਾਤਾਰ ਬਰਖਾਵਾਂ ਹੋ ਰਹੀਆਂ ਸਨ। ਹਫ਼ਤਿਆਂ ਬੱਧੀ ਦਿਨ ਰਾਤ ਭੁੱਖੇ ਰਹਿ ਕੇ ਸਰੀਰ ਤੇ ਕਸ਼ਟ ਝੱਲੇ, ਹੁੱਸੜ ਦੀਆਂ ਗਰਮੀਆਂ ਝਲੀਆਂ, ਪਰ ਸੱਚੇ ਪਰਉਪਕਾਰ ਦੇ ਪੂਰਨੇ ਪਾਏ, ਪਿੱਛਾ ਨਹੀਂ ਛਡਿਆ, ਆਪਣੀ ਗਹਿਣ-ਗਤਿ ਤੋੜ ਨਿਭਾਹੀ। ਸਰੀਰਕ ਸਿਹਤ ਐਸੀ ਨਿਹਬਲ ਹੋਈ ਕਿ ਮੁੜ ਤਾਬ ਨਹੀਂ ਆਈ। ਲਹੂ ਸਰੀਰ ਦਾ ਸਾਰਾ ਸੁੱਕ ਗਿਆ, ਨਵਾਂ ਖ਼ੂਨ ਬਣਨੋਂ ਬੰਦ ਹੋ ਗਿਆ। ਜਦੋਂ ਫਿਰਨੋਂ ਤੁਰਨੋਂ ਵੀ ਰਹਿ ਖੜੋਤੇ, ਓਦੋਂ ਸਾਡੇ ਬਾਰੰਬਾਰ ਪ੍ਰੇਮ-ਸੱਦੇ ਭੇਜਣ ਪਰ ਕੁਮਾਰ ਹੱਟੀ ਸਾਡੇ ਪਾਸ ਆ ਗਏ। ਆ ਤਾਂ ਗਏ, ਪਰ ਨਿਬੜੇ ਹੋਏ ਹੀ ਆਏ। ਉਨ੍ਹਾਂ ਨੂੰ ਇਹ ਤਾਂ ਪਤਾ ਸੀ ਕਿ ਅੰਤ-ਕਾਲ ਨੇੜੇ ਹੈ, ਹਿਰਦੇ ਦੀ ਤੀਬਰ ਇੱਛਾ ਇਹੋ ਸੀ ਕਿ ਸੰਗਤਾਂ ਵਿਚ ਖੇਡਦਿਆਂ ਹੋਇਆਂ ਅਤੇ ਸਾਡੀ ਨਿਕਟਤਾ ਵਿਚ ਸਨਮੁਖ ਰਹਿੰਦਿਆਂ ਹੋਇਆਂ ਸਾਡੇ ਪਾਸ ਹੀ ਸਰੀਰ ਛੁਟੇ। ਮਹੀਨਿਆਂ ਬੱਧੀ ਅਕਸਰ ਇਹ ਤੁਕਾਂ ਮੁਖੋਂ ਉਚਾਰਦੇ ਰਹਿੰਦੇ ਸਨ :

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥੬੧॥ (ਪੰਨਾ ੧੩੬੭)

ਸੋ ਉਨ੍ਹਾਂ ਦਾ ਇਹ ਚਾਉ ਪੂਰਾ ਹੋ ਕੇ ਹੀ ਰਿਹਾ।

## ਛੇਵੇਂ ਪਾਤਸ਼ਾਹ ਦੇ ਦਰਸ਼ਨ, ਬੱਬਰ ਸ਼ੇਰ—ਭਵਿੱਖ ਦੀਆਂ ਗੱਲਾਂ—

ਕੁਮਾਰ ਹੱਟੀ ਪਹਾੜੀ ਦੀਆਂ ਨੇੜੇ ਤੇੜੇ ਦੀਆਂ ਟਿੱਬੀਆਂ ਤੇ ਕੰਦਰਾਵਾਂ ਵਿਚ ਬੈਠ ਕੇ ਗੁਰਮਤਿ ਅਭਿਆਸ ਜਪ-ਭਿੰਨੜੇ ਉਗਰ ਤਪ ਕੀਤੇ ਅਤੇ ਅਜਿਹੀ ਬਾਲੀ ਬਰੇਸ ਵਿਚ ਕੀਤੇ ਕਿ ਕਿਸੇ ਨੇ ਕਰਨੇ ਹੀ ਨਹੀਂ, ਨਾ ਹੋਣਗੇ। ਕਸ਼ਮੀਰ ਦੇ ਵਗਦੇ ਆਬਸ਼ਾਰਾਂ ਦੀਆਂ ਗੁੰਜਾਰਾਂ ਵਿਚ ਹੁਣ ਤਾਈਂ ਇਸ ਜਪੀ ਤਪੀ ਗੁਰਮੁਖ ਪਿਆਰੇ ਦੀਆਂ ਗੂੰਜਾਂ ਹੀ ਗੂੰਜਦੀਆਂ ਹਨ। ਸਿਰੀ ਨਗਰ ਅਤੇ ਬਾਰਾਮੂਲੇ ਦੇ ਵਿਚਕਾਰ ਇਕ ਬੜੀ ਇਕਾਂਤ ਵਿਚ, ਦਰਿਆ ਜੇਹਲਮ ਦਾ ਹੈੱਡ-ਵਰਕਸ ਵਾਕਿਆ ਹੈ। ਉਸ ਹੈੱਡ-ਵਰਕਸ ਉਤੇ ਉਨ੍ਹਾਂ ਦੇ ਇਕ ਮਿੱਤਰ ਓਵਰਸੀਅਰ ਨੇ ਉਨ੍ਹਾਂ ਦੇ ਨਮਿਤ ਇਕ ਭਜਨ-ਕੁਟੀਆ ਬਣਾਈ ਹੋਈ ਸੀ। ਉਹ ਉਸ ਭਜਨ-ਕੁਟੀਆ ਵਿਚ ਰਾਤ ਨੂੰ ਭਜਨ ਕਰਿਆ ਕਰਦੇ ਸਨ ਅਤੇ ਦਿਨੇ ਵਗਦੇ ਜੇਹਲਮ ਦੇ ਕਿਨਾਰੇ ਉਤੇ। ਉਸ ਹੈੱਡ-ਵਰਕਸ ਦੇ ਘਾਟਾਂ ਵਿਚ ਬੜੇ ਬੜੇ ਉਚੇ ਉਚੇ ਲੰਬੇ ਚੌੜੇ ਪੱਥਰ ਗੱਡੇ ਪਏ ਹਨ, ਜੋ ਕੁਦਰਤ ਦੀ ਜੜਤ ਨਾਲ ਹੀ ਕਈ ਜ਼ਮਾਨਿਆਂ ਦੇ ਜੜੇ ਹੋਏ ਚਲੇ ਆਉਂਦੇ ਹਨ। ਉਨ੍ਹਾਂ ਪੱਥਰਾਂ ਦੀ ਸਿਖਰ ਚੌੜਾਨ ਵਿਚ ਬੈਠ ਕੇ ਜੁੜ ਜਾਇਆ ਕਰਦੇ ਸਨ। ਲਾਗੇ ਹੀ ਜੇਹਲਮ ਦਰਿਆ ਦੀਆਂ ਵਗਦੀਆਂ ਲਹਿਰਾਂ ਦੀਆਂ ਝੁਨਕਾਰਾਂ ਉਠਣੀਆਂ ਅਤੇ ਅੰਤਰ-ਆਤਮੇ ਅਭਿਆਸ-ਖੰਡ ਖੜਕਾਰਾਂ ਦੀਆਂ ਗੂੰਜਾਂ ਪੈਣੀਆਂ। ਅਸਾਨੂੰ ਵੀ ਕਈ ਵਾਰ ਉਨ੍ਹਾਂ ਪੱਥਰਾਂ ਦੀਆਂ ਸਮਾਧ-ਸਥਿਤ ਬੇਜਕੀ ਅਨਿੰਨ ਮੌਜੀ ਬਹਾਰਾਂ ਪਿਆਰੇ ਆਤਮ ਔਜੀ ਡਾਕਟਰ ਬਸੰਤ ਸਿੰਘ ਜੀ ਨੇ ਦਿਖਾਈਆਂ ਅਤੇ ਮਾਣਾਈਆਂ। ਸਾਡਾ ਉਥੋਂ ਉਠਣ ਨੂੰ ਜੀਅ ਨਾ ਕਰਨਾ! ਘੰਟਿਆਂ ਬੱਧੀ ਬੈਠਿਆਂ ਹੀ ਰਹਿਣਾ। ਜਦੋਂ ਉਥੋਂ ਉਠ ਕੇ ਕਿਸੇ ਓਰ ਜਾਣਾ, ਉਧਰੇ ਤੇ ਉਸੇ ਪਾਸੇ ਹੀ ਇਹੋ ਗੂੰਜਾਂ ਗੂੰਜਦੀਆਂ ਸੁਣਦੀਆਂ ਹੀ ਰਿਹਾ ਕਰਨ। ਹੁਣ ਤਾਈਂ ਕੁਮਾਰ ਹੱਟੀ ਦੀਆਂ ਵੇਗ ਪੌਣਾਂ ਵਿਚ ਆਤਮ-ਗੌਣੀ ਚੁਭੇ ਮਾਰਦੇ ਹੋਏ ਭੀ, ਉਨ੍ਹਾਂ ਗੂੰਜਾਰਾਂ ਦੀਆਂ ਸਾਥ ਹੀ ਗੂੰਜਾਂ ਪੈਂਦੀਆਂ ਪ੍ਰਤੀਤ ਹੁੰਦੀਆਂ ਹਨ।

ਹੈੱਡ ਵਰਕੀ ਓਵਰਸੀਅਰ ਡਾ: ਬਸੰਤ ਸਿੰਘ ਜੀ ਦੇ ਮਿੱਤਰ ਦਾ ਇਕ ਸੱਕਾ ਭਾਈ ਏਥੇ ਉਨ੍ਹਾਂ ਦੇ ਨਾਲ ਰਿਹਾ ਕਰਦਾ ਸੀ। ਇਹ ਸੱਜਣ ਇਕ ਜਮਾਂਦਰੂ ਭਗਤ ਜਨ ਸੀ, ਬੜੇ ਹੀ ਗਰੀਬੀ ਵੇਸ ਵਿਚ ਰਿਹਾ ਕਰਦਾ ਸੀ। ਆਤਮ-ਖੇਡਾਂ ਦੀਆਂ ਅਜਰ ਜਰਨੀਆਂ ਜਿਸ ਨੇ ਪੁਜ ਕੇ ਜਰੀਆਂ ਹੋਈਆਂ ਸਨ, ਜਦੋਂ ਵੀ



www.AKJ.Org

ਇਸ ਨੂੰ ਮੌਜ ਉਠਣੀ, ਤਾਂ ਇਸ ਹੈੱਡ-ਵਰਕਸ ਅਸਥਾਨ ਤੋਂ ਉਠ ਕੇ ਇਸ ਸੱਜਣ ਨੇ ਗੁਪਤੋ ਗੁਪਤੀ ਹੀ 'ਊਰੀ' ਦੇ ਇਤਿਹਾਸਕ ਗੁਰਦੁਆਰੇ ਵਿਖੇ ਜਾ ਬਿਰਾਜਣਾ। 'ਊਰੀ' ਵਾਸੀਆਂ ਅਤੇ ਉਦਾਲੇ ਛਪਾਲੇ ਦੇ ਨਗਰ-ਨਿਵਾਸੀਆਂ ਵਿਖੇ ਇਹ ਆਮ ਕਹਾਵਤ ਹੈ ਕਿ ਇਸ ਊਰੀ ਦੇ ਇਤਿਹਾਸਕ ਗੁਰਦੁਆਰੇ ਵਿਖੇ ਜਾਂ ਇਸ ਦੇ ਨੇੜੇ ਤੇੜੇ ਰਾਤ ਨੂੰ ਕੋਈ ਬੰਦਾ ਬਸ਼ਰ ਨਹੀਂ ਰਹਿ ਸਕਦਾ, ਕਿਉਂਕਿ ਆਮ ਤੌਰ ਤੇ ਉਹ ਕਹਿੰਦੇ ਹਨ ਕਿ ਇਥੇ ਬੱਬਰ ਸ਼ੇਰ ਆਉਂਦਾ ਹੈ, ਤਕਰੀਬਨ ਹਰ ਇਕ ਰਾਤ੍ਰੀ ਫੇਰਾ ਪਾਉਂਦਾ ਹੈ। ਇਹ ਗੁਰਦੁਆਰਾ ਜੇਹਲਮ ਦਰਿਆ ਉਤੇ ਅਗਲੇ ਪਾਰ ਦੇ ਕੰਢੇ ਤੇ ਬੜੀ ਹੀ ਇਕਾਂਤ ਨਿਰਜਨ ਅਸਥਾਨ ਤੇ ਵਾਕਿਆ ਹੈ। ਅਸਾਡੇ ਨਾਲ ਵੀ ਇਸ ਸੱਜਣ ਦਾ ਬੜਾ ਸਹਿਚਾਰ ਸੀ। ਮੈਨੂੰ ਅਤੇ ਡਾਕਟਰ ਬਸੰਤ ਸਿੰਘ ਜੀ ਨੂੰ ਇਹ ਸੱਜਣ ਨਿਜ ਹੱਡ-ਬੀਤੀਆਂ ਗੁਹਜ ਗੱਲਾਂ ਦਸ ਦਿਆ ਕਰਦਾ ਸੀ, ਜੋ ਨਿਹਾਇਤ ਹੀ ਕਾਬਲੇ ਯਕੀਨ ਗੱਲਾਂ ਸਨ। ਇਕ ਰਾਤ੍ਰੀ ਦਾ ਜ਼ਿਕਰ ਉਹ ਦਸਦਾ ਹੈ ਕਿ ਰਾਤ ਨੂੰ ਮੈਂ ਇਕ ਪੱਥਰ ਤੇ (ਗੁਰਦਵਾਰੇ ਤੋਂ ਬਾਹਰ). ਬੈਠਾ ਬਿਠਾਇਆ ਅਭਿਆਸ-ਲੀਨ ਹੋ ਗਿਆ, ਐਸਾ ਲੀਨ ਹੋਇਆ ਕਿ ਉਸ ਨੂੰ ਆਪਣੇ ਸਰੀਰ ਦੀ ਸੁਧ ਬੁਧ ਹੀ ਨਾ ਰਹੀ। ਇਸ ਅਭਿਆਸ-ਲੀਨਤਾ ਵਿਚ ਸ਼ੇਰ-ਬੱਬਰ ਨੇ ਆ ਕੇ ਇਸ ਦੇ ਸਾਹਮਣੇ ਭਬਕ ਮਾਰੀ। ਕੁਝ ਸਮੇਂ ਲਈ ਡਰ ਕੇ ਇਸ ਦੇ ਸਰੀਰ ਦੇ ਰੋਂਗਟੇ ਖੜੇ ਹੋ ਗਏ। ਪਰ ਤਤਕਾਲ ਹੀ ਸੁਰਤ ਆਉਣ ਪਰ "ਚਉਗਿਰਦ ਹਮਾਰੈ ਰਾਮ ਕਾਰ"* ਵਾਲਾ ਸ਼ਬਦ ਉਚਾਰਨ ਕਰਨ ਲਗ ਪਏ। ਐਸੀ ਪਰਤੱਖ ਹੋਇ ਬੀਤੀ ਕਿ ਅਭਿਆਸ ਵਿਚ ਬੈਠਿਆਂ ਅਨੰਦੀ ਜਨ ਦੇ ਚਾਰ ਚੁਫੇਰੇ (ਚੌਗਿਰਦੇ) ਲੋਹੇ ਦੀ ਦੀਵਾਰ ਸਾਰਖੀ ਕਾਰ ਉਸਰ ਗਈ, ਜਿਸ ਦੇ ਅੰਦਰ ਉਹ ਸ਼ੇਰ ਆ ਹੀ ਨਾ ਸਕਿਆ। ਫੇਰ ਤਾਂ ਨਿਰਭਉ ਹੋ ਕੇ ਅਨਿੰਨ ਨਿਸਚੇ ਨਾਲ ਨਾਮ ਅਭਿਆਸ ਅਨੰਦੀ ਜਨ ਹੋਰ ਵੀ ਗਹਿਗਹੇ ਹੋ ਕੇ ਅਭਿਆਸ ਦੀਆਂ ਮੌਜਾਂ ਮਾਣਨ ਲਗੇ। ਇਤਨੇ ਨੂੰ ਅਚਾਨਕ ਹੀ ਗੁਪਤੋਂ ਪ੍ਰਗਟ ਹੋ ਕੇ ਛੇਵੇਂ ਗੁਰੂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜੋਤਿ-ਝਲਕਾਰਨੀ, ਅਤਿ ਮਲਗਾਰਨੀ ਦਰਸ਼ਨ ਆਏ ਦਿਤੇ। ਜਿਸ ਜੋਤਿ ਮਲਗਾਰਨੀ ਨਜ਼ਾਰੇ ਵਿਚ ਇਹ ਕੌਤਕ ਦੇਖਿਆ ਗਿਆ, ਉਹ ਅਨੇਕਾਂ ਹੀ ਅਤੇ ਅਨਗਿਣਤ ਹੀ ਗੁਪਤ ਖ਼ਜ਼ਾਨੇ ਮਾਇਆ ਦੇ ਹੀਰੇ, ਲਾਲਾਂ, ਜਵਾਹਰ ਮਾਣਕਾਂ ਦੇ ਪਰਤੱਖ ਦਰਸਾਏ ਗਏ ਤੇ ਇਹ ਵੀ ਉਚਾਰਨ ਕੀਤਾ ਗਿਆ ਕਿ ਸਮਾਂ ਆਇਗਾ, ਜਦੋਂ ਗੁਪਤ ਖ਼ਜ਼ਾਨਿਆਂ ਨੂੰ ਵਰਤਣ ਲਈ ਸ੍ਰੀ ਦਸਮੇਸ਼ ਜੀ ਦੇ ਖ਼ਾਸੁਲ ਖ਼ਾਸ ਸੂਰਬੀਰ ਸਿੰਘ ਇਥੇ ਆ ਕੇ ਇਨ੍ਹਾਂ ਗੁਪਤ ਖ਼ਜ਼ਾਨਿਆਂ ਨੂੰ ਕਢਣਗੇ। ਜਿਨ੍ਹਾਂ ਨੂੰ ਏਨ੍ਹਾਂ ਖ਼ਜ਼ਾਨਿਆਂ ਦੇ ਧੁਰੋਂ ਦਰਗਾਹੋਂ ਕੱਢਣ ਦਾ ਹੁਕਮ ਹੈ, ਉਹੀ ਜਨ ਹੀ ਇਨ੍ਹਾਂ ਗੁਪਤ ਖ਼ਜ਼ਾਨਿਆਂ ਦੀ ਪੇਖ ਪੜਤਾਲ ਕਰ ਸਕਣਗੇ। ਪਤਾ ਨਹੀਂ ਉਹ ਸਮਾਂ ਕਦੋਂ ਆਉਂਦਾ ਹੈ ਅਤੇ ਕਿਸ ਕਿਸ ਸੱਜਣ ਦੇ ਵਿਰਸੇ ਵਿਚ ਉਨ੍ਹਾਂ ਅਸਥਾਨਾਂ ਦੇ ਪੇਖਣ ਪੜਤਾਲਣ ਦਾ ਅਵਸਰ ਨਸੀਬ ਹੁੰਦਾ ਹੈ। ਡਾਕਟਰ ਬਸੰਤ ਸਿੰਘ ਜੀ ਤਾਂ ਚਲ ਬਸੇ, ਅਸੀਂ ਕਦੇ ਉਨ੍ਹਾਂ ਅਸਥਾਨਾਂ ਦੇ ਪੇਖਣ ਪੜਤਾਲਣ ਦਾ ਗਹੁ ਗੁਮੇਹ ਹੀ ਨਹੀਂ ਕੀਤਾ। ਡਾ: ਬਸੰਤ ਸਿੰਘ ਜੀ ਭੀ ਇਸ ਖ਼ਿਆਲ ਤੋਂ ਨਿਰਲੇਪ ਹੀ ਰਹਿੰਦੇ ਸਨ। ਬਲਕਿ ਉਹ ਕਿਹਾ ਕਰਦੇ ਸਨ, ਜਦੋਂ ਸਤਿਗੁਰੂ ਨੇ ਨਾਮ ਰੂਪੀ ਸੱਚੀ ਦੌਲਤ ਦੇ ਖ਼ਜ਼ਾਨੇ ਸਾਡੇ ਪੱਲੇ ਪਾ ਦਿਤੇ ਹਨ ਤਾਂ ਇਸ ਕੂੜਾਵੀ ਦੌਲਤ ਦੇ ਕੂੜੇ ਖ਼ਜ਼ਾਨਿਆਂ ਦਾ ਕੀ ਖ਼ਿਆਲ ਕਰਨਾ ਹੈ। ਸਚਮੁਚ ਸੱਚੇ ਨਾਮ ਰੂਪੀ ਖ਼ਜ਼ਾਨੇ ਦੀ ਖੇਪ ਲਦ ਕੇ ਤੁਰਦੇ ਲਗੇ ਅਤੇ ਪੱਲੇ ਪਏ ਖ਼ਜ਼ਾਜਿਆਂ ਨੂੰ ਨਾਲੇ ਲੈ ਕੇ ਪਧਾਰ ਗਏ, ਸਦਾ ਲਈ ਪਧਾਰ ਗਏ। ਉਨ੍ਹਾਂ ਦੇ ਪਧਾਰਨ ਸਮੇਂ ਇਕ ਉਨ੍ਹਾਂ ਦੇ ਟਹਿਲੀਏ ਨਾਜ਼-ਬਰਦਾਰ ਨੂੰ ਡਾਕਟਰ ਸਾਹਿਬ ਦੇ ਸਰੀਰੋਂ ਨਿਕਲੀ ਜੋਤਿ-ਝਲਕਾਰਨੀ-ਝਮਕਾਰ ਦੇ ਖ਼ਾਸ ਦੀਦਾਰੇ ਹੋਏ। ਉਹ ਕਈ ਦਿਨਾਂ ਤੇ ਹਫ਼ਤਿਆਂ ਬੱਧੀ ਗੁੰਮ ਸੁੰਮ ਹੋ ਕੇ ਇਸ ਚਮਤਕਾਰ ਦਾ ਅਨੰਦ ਅੰਦਰੇ ਅੰਦਰ ਹੀ ਮਾਣਦੇ ਰਹੇ ਅਤੇ ਹੁਣ ਤਾਈਂ ਮਾਣ ਰਹੇ ਹਨ।

ਨੋਟ : ਡਾਕਟਰ ਸਾਹਿਬ ਦਾ ਚਲਾਣਾ ਕੁਮਾਰ ਹੱਟੀ ਭਾਈ ਸਾਹਿਬ ਦੇ ਪਾਸ ੧੯੪੭ ਦੇ ਸਤੰਬਰ ਅਕਤੂਬਰ ਦੇ ਮਹੀਨਿਆਂ ਵਿਚ ਹੋਇਆ ਸੀ। (ਸੰਪਾਦਕ)

---

* ਬਿਲਾਵਲੁ ਮ: ੫, ਅੰਕ ॥੧॥੧੫॥੭੯, ਪੰਨਾ ੮੧੯



www.AKJ.Org

# ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ

(ਸ੍ਰੀ ਗੁਰੂ ਨਾਨਕ ਦੇਵ ਜੀ)

[ਵਲੋਂ ਗਿਆਨੀ ਹਰਬੰਸ ਸਿੰਘ ਜੀ ਤੇਗ, ਸਿਖ ਮਿਸ਼ਨਰੀ, ਲੈਸਟਰ ਯੂ.ਕੇ.]

ਉਪਰੋਕਤ ਪੰਗਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਰੀ ਰਾਗ ਦੀਆਂ ਸਤਾਰ੍ਹਾਂ ਅਸ਼ਟਪਦੀਆਂ ਵਿਚੋਂ ੧੪ਵੀਂ ਅਸਟਪਦੀ ਵਿਚੋਂ ਹੈ। ਆਮ ਤੌਰ ਪਰ ਇਸ ਪੰਗਤੀ ਨੂੰ ਜਿਸ ਢੰਗ ਨਾਲ, ਜਿਸ ਆਸ਼ੇ ਲਈ ਪਰਮਾਣ ਵਜੋਂ ਵਰਤਿਆ ਜਾਂਦਾ ਹੈ, ਉਹ ਇਸ ਸਾਰੀ ਅਸ਼ਟਪਦੀ ਦੀ ਮੂਲ-ਭਾਵਨਾ ਨਾਲ ਮੇਲ ਨਹੀਂ ਖਾਂਦਾ। ਅਕਸਰ ਅਜਿਹਾ ਭੀ ਹੁੰਦਾ ਹੈ ਕਿ ਗੁਰਬਾਣੀ ਦੀ ਕਿਸੇ ਇਕ ਤੁਕ ਜਾਂ ਅੱਧੀ ਤੁਕ ਨੂੰ ਵਰਤਣ ਵੇਲੇ ਮਨ-ਮਰਜ਼ੀ ਦੀ ਥਾਂ ਵਰਤ ਕੇ ਗੁਰਬਾਣੀ ਨਾਲ ਇਨਸਾਫ਼ ਨਹੀਂ ਕੀਤਾ ਜਾਂਦਾ। ਸਾਰੇ ਸ਼ਬਦ ਜਾਂ ਉਸ ਦੇ ਪ੍ਰਸੰਗਕ-ਪੱਖ ਨੂੰ ਵਖ ਰਖ ਕੇ ਗੁਰਬਾਣੀ ਦੇ ਅਨਰਥ ਕਰਨ ਵਾਲੇ ਗੁਰਬਾਣੀ ਦੀ ਗੰਭੀਰਤਾ ਨੂੰ ਭੀ ਅਖੋਂ ਪਰੋਖੇ ਕਰ ਦਿੰਦੇ ਹਨ।

"ਉਪਰਿ ਸਚੁ ਆਚਾਰੁ" ਨੂੰ ਕੇਵਲ "ਸੱਚਾ-ਸੁਚਾ ਚਾਲ ਚਲਣ" ਜਾਂ ਕੇਵਲ ਸੱਚ ਬੋਲਣ ਤੀਕ ਹੀ ਸੀਮਤ ਕਰਨ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੂਲ-ਭਾਵਨਾ ਦੀ ਸੋਝੀ ਪੈਣੀ ਮੁਸ਼ਕਲ ਹੋ ਜਾਂਦੀ ਹੈ। ਕਿਉਂਕਿ ਅਜਿਹੇ 'ਸੱਚ' ਦੀ ਗੱਲ ਤਾਂ ਬੁਧ ਧਰਮ ਨੇ ਭੀ ਕੀਤੀ ਸੀ। ਪਰ ਉਹ 'ਸੱਚੁ' ਕੇਵਲ ਦੁਨਿਆਵੀ ਵਰਤੋਂ ਵਿਹਾਰ ਤੀਕ ਹੀ ਰਿਹਾ, ਸਮਾਂ ਪਾ ਕੇ ਦੁਨਿਆਵੀ ਵਰਤੋਂ-ਵਿਹਾਰ ਚੋਂ ਭੀ ਅਲੋਪ ਹੋਣ ਲੱਗ ਪਿਆ ਸੀ, ਜਿਸ ਕਰਕੇ ਕਈ ਬੋਧੀ-ਭਿਖਸ਼ੂ ਪੂਰਨ ਸੱਚ ਨਾਲ ਜੁੜਨ ਤੋਂ ਵਾਂਞੇ ਹੋ ਕੇ ਸਗੋਂ ਭਟਕਣਾ ਵਿਚ ਹੀ ਪੈ ਗਏ।

ਜਿਸ 'ਸਚੁ' ਦੀ ਗੱਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਹੈ ਉਸ 'ਸਚੁ' ਬਾਰੇ ਤਾਂ ਗੁਰੂ ਜੀ ਨੇ ਅਰੰਭ ਵਿਚ ਹੀ ਸਪੱਸ਼ਟ ਕਰ ਦਿਤਾ ਸੀ, ਤਾਂ ਜੁ ਗੁਰੂ ਨਾਨਕ ਦੇ 'ਸਚੁ' ਬਾਰੇ ਕਿਸੇ ਨੂੰ ਭੀ ਭੁਲੇਖਾ ਨਾ ਰਹੇ। ਗੁਰੂ ਨਾਨਕ ਦਾ 'ਸਚੁ' ਤਾਂ ਤਿੰਨਾਂ ਕਾਲਾਂ ਤੋਂ ਭੀ ਉਪਰ ਹੈ। ਹੋ ਸਕਦਾ ਹੈ, ਤਿੰਨਾਂ ਕਾਲਾਂ (ਭੂਤ, ਭਵਿਖ ਅਤੇ ਵਰਤਮਾਨ) ਵਿਚ ਵਰਤਣ ਵਾਲੇ ਸੱਚ ਦੇ, ਕਿਸੇ ਕਾਲ ਵਿਚ ਵੱਖਰੇ ਅਰਥ ਹੋ ਜਾਣ ਜਾਂ ਉਸ ਸੱਚ ਦੀ ਪਛਾਣ ਵੱਖਰੇ ਵੱਖਰੇ ਰੂਪ ਜਾਂ ਮਾਨਤਾ ਵਿਚ ਹੋ ਜਾਵੇ, ਪਰੰਤੂ ਗੁਰੂ ਨਾਨਕ ਦੇ ਦਸੇ 'ਸਚੁ' ਦੀ ਹੋਂਦ ਸਦੀਵ-ਕਾਲ "ਸਦਾ-ਸਤਜ" ਹੈ। ਉਦੋਂ ਭੀ ਜਦੋਂ ਤਿੰਨ ਕਾਲ ਜਾਂ ਤਿੰਨ ਕਾਲਾਂ ਚਿ ਵਿਚਰਨ ਵਾਲਾ ਇਹ ਸੰਸਾਰ, ਇਹ ਸ੍ਰਿਸ਼ਟੀ ਨਹੀਂ ਰਹੇਗੀ, ਉਦੋਂ ਭੀ ਜਦੋਂ, ਅਜੇ ਇਹ ਸ੍ਰਿਸ਼ਟੀ ਬਣੀ ਹੀ ਨਹੀਂ ਸੀ, ਜਾਂ ਜਦੋਂ ਕਦੀ ਇਹ ਨਹੀਂ ਰਹੇਗੀ, ਉਹ 'ਸਚੁ' 'ਸਤਜ' ਫਿਰ ਭੀ ਕਾਇਮ ਰਹੇਗਾ। ਜਿਸ ਸਤਜ ਦਾ ਨਾਮ ਲੈਣ ਵਾਲਾ ਭੀ ਕੋਈ ਨਹੀਂ ਹੋਇਗਾ, ਉਹ ਉਦੋਂ ਭੀ 'ਸਚੁ' ਹੋਇਗਾ। ਇਸੇ ਲਈ ਬਾਕੀ ਸਾਰੀ ਕਰਣੀ ਉਸ ਤੋਂ ਨੀਵੀਂ ਹੈ। ਉਹ ਸੱਚ ਕਿਹੜਾ ਤੇ ਕਿਵੇਂ ਹੈ? ਅਤੇ 'ਸਚੁ ਆਚਾਰੁ' ਕਿਹੜਾ ਹੈ? ਇਸ ਦੀ ਵੀਚਾਰ ਹੀ ਕਰਨ ਦਾ ਹੇਠਾਂ ਜਤਨ ਕੀਤਾ ਹੈ :—

ਪੁਰਾਤਨ ਜੁਗਾਂ ਦੇ ਮਿਥੇ ਹੋਏ ਕਰਮ-ਕਾਂਡਾਂ ਜਾਂ ਸਾਧਨਾ ਨੂੰ ਕਮਾਉਣ ਦੀ ਪ੍ਰੇਰਨਾ ਕਈ ਕੱਚੇ ਗੁਰੂ ਅੱਜ ਭੀ ਅਤੇ ਗੁਰੂ ਨਾਨਕ ਸਾਹਿਬ ਜੀ ਤੋਂ ਪਹਿਲਾਂ ਭੀ ਦਿੰਦੇ ਰਹੇ ਹਨ। ਸਰੀਰ ਦੀ ਕੁਦਰਤੀ ਸੱਤਾ ਜਾਂ ਸ਼ਕਤੀ ਨੂੰ ਹੀ ਤਪ ਕਰ ਕੇ ਨਸ਼ਟ ਕਰ ਲੈਣ ਵਾਲੇ ਕਰਮ-ਕਾਂਡੀ ਲੋਕਾਂ ਵਲੋਂ ਧਾਰਮਕ-ਖੇਤਰ ਵਿਚ ਪਾਏ ਗਏ ਭੁਲੇਖੇ ਦੂਰ ਕਰਨ ਲਈ ਹੀ ਗੁਰੂ ਸਾਹਿਬਾਂ ਨੇ, ਇਨ੍ਹਾਂ ਸਾਰੇ ਜਪ ਤਪ ਆਦਿਕ ਕਰਮਾਂ ਨੂੰ ਬੰਧਨ ਰੂਪ ਆਖ ਕੇ "ਗਾਡੀ-ਰਾਹੁ" ਦੀ ਸੋਝੀ ਪਰਦਾਨ ਕੀਤੀ ਹੈ।

ਪ੍ਰਮਾਤਮਾ ਨੂੰ ਸਦੀਵੀ-ਸੱਤਜ, ਸਰਬ-ਵਿਆਪੀ ਪ੍ਰਕਾਸ਼ ਨੂੰ ਜਪੁ ਜੀ ਸਾਹਿਬ ਜੀ ਦੇ ਅਰੰਭ ਵਿਚ ਹੀ ਦਿਤੇ ਸਲੋਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਉਂ ਪਰਗਟ ਕੀਤਾ ਹੈ :—

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਇਸ 'ਸਚੁ' ਨੂੰ, ਜੋ ਆਦਿ ਤੋਂ ਅਤੇ ਜੁਗਾਦਿ ਤੋਂ ਸੱਚ ਹੈ, ਸਿੱਧਾਂ ਨੇ ਭੀ ਗੁਰੂ ਨਾਨਕ ਸਾਹਿਬ ਪਾਸੋਂ ਪੁਛਿਆ ਸੀ। ਗੁਰੂ ਜੀ ਨੇ "ਆਦਿ ਸਚੁ" ਦੀ ਵਿਆਖਿਆ, ਵਿਸਮਾਦ ਕਰਦਿਆਂ ਇਸ ਆਦਿ ਸਚੁ ਨੂੰ ਸੁੰਨ ਰੂਪ ਵਿਚ ਨਿਰੰਤਰ ਵਸਿਆ ਹੋਇਆ ਆਖ ਕੇ ਸਿੱਧਾਂ ਦੀ ਤਸੱਲੀ ਕਰਵਾਈ ਸੀ। ਜਿਸ ਦਾ ਹਵਾਲਾ



www.AKJ.Org

ਗੁਰੂ ਜੀ ਦੀ "ਸਿਧਿ ਗੋਸਟਿ" ਬਾਣੀ ਵਿਚ ਇਉਂ ਹੈ :—

?—— ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ ॥੨੧॥

ਉਤਰ :— ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ॥੨੩॥(ਪੰਨਾ ੯੪੦)

ਸੋ ਤਿੰਨ ਕਾਲਾਂ ਵਿਚ ਵਰਤ ਰਹੇ ਸੱਚ ਨੂੰ ਆਪਣੇ ਨਿਰੰਕਾਰੀ-ਅਨੁਭਵ ਰਾਹੀਂ ਪਰਗਟ ਕਰਨ ਹਿਤ ਹੀ, ਸੱਚ ਦੇ ਪ੍ਰਚਲਤ ਅਰਥ ਗੰਭੀਰ ਕਰ ਕੇ 'ਸਤ੍ਯ' ਕਰ ਦਿਤੇ। ਤਦੇ ਹੀ ਗੁਰਬਾਣੀ ਵਿਚ ਅਨੇਕਾਂ ਵੇਰ ਸਤਿ ਜਾਂ ਸਤ੍ਯ ਦੇ ਅਰਥ ਭਾਵਾਂ ਲਈ "ਸਚੁ" ਸ਼ਬਦ ਭੀ ਵਰਤਿਆ ਗਿਆ ਹੈ, ਜਿਸ ਸੱਚ ਦੇ ਅਰਥ ਜਾਂ ਭਾਵ ਅਤੇ ਰੂਪ, ਲਛਣ, ਸਮੇਂ ਸਮੇਂ ਸਿਰ ਬਦਲਦੇ ਆਏ ਹਨ। ਇਹੋ ਕਾਰਨ ਹੈ ਕਿ ਮਨੁਖੀ ਸਮਾਜ ਵਿਚ, ਹਰੇਕ ਦੇਸ਼ ਜਾਂ ਨਸਲ ਜਾਂ ਭਾਈਚਾਰੇ ਵਿਚ ਜਾਂ ਵੱਖਰੇ ਵੱਖਰੇ ਮਜ਼੍ਹਬਾਂ ਵਿਚ "ਸਚੇ-ਚੱਲਣ" ਦੇ ਵੱਖਰੇ ਵੱਖਰੇ ਲੱਛਣ ਜਾਂ ਮਾਣ-ਮਰਿਆਦਾ ਹਨ। ਜਿਹੜੀਆਂ ਗੱਲਾਂ ਇਕ ਦੇਸ਼ ਮਜ਼੍ਹਬ ਜਾਂ ਫ਼ਿਰਕੇ ਵਿਚ ਸਚੇ-ਆਚਰਣ ਦਾ ਹਿੱਸਾ ਮੰਨੀਆਂ ਜਾਂਦੀਆਂ ਹਨ, ਉਹ ਸਭ ਦੀਆਂ ਸਭ ਦੂਜੇ ਦੇਸ਼ ਜਾਂ ਭਾਈਚਾਰੇ ਵਿਚ ਪਰਵਾਨ ਨਹੀਂ ਹੁੰਦੀਆਂ। ਸੋ ਸੱਚ ਦੇ ਅੱਖਰੀ ਅਰਥਾਂ ਤੀਕ ਹੀ ਸੱਚ ਦੀ ਭਾਵਨਾ ਨੂੰ ਕੈਦ ਨਹੀਂ ਕੀਤਾ ਜਾ ਸਕਦਾ। ਸੱਚਾ ਆਚਾਰ ਜਾਂ ਸੱਚ-ਆਚਾਰ ਦੇ ਪ੍ਰਚਲਤ ਅਰਥ ਭੀ ਕਾਫ਼ੀ ਨਹੀਂ, ਸਗੋਂ ਵੀਚਾਰਨਾ ਪਵੇਗਾ ਕਿ ਉਹ ਸਚੁ-ਆਚਾਰੁ ਕਿਹੜਾ ਹੈ, ਜੋ ਸਭ ਤੋਂ ਉਪਰ ਹੈ, ਸ੍ਰੇਸ਼ਟ ਹੈ, ਜਿਸ ਸਚੁ ਤੋਂ ਸਾਰੇ ਨੀਵੇਂ ਹਨ, ਉਰੇ ਹਨ?

ਉਹ ਸਚੁ ਹੈ ਪ੍ਰਭੂ ਪ੍ਰਮਾਤਮਾ। ਜਿਸ ਦੀ ਅਰਾਧਨਾ ਕਰਨ ਲਈ ਗੁਰੂ ਸਾਹਿਬਾਂ ਨੇ ਇਉਂ ਸੇਧ ਦਿਤੀ ਹੈ:—

ਸਭਿ ਧਿਆਵਹੁ ਆਦਿ ਸਤੇ ਜੁਗਾਦਿ ਸਤੇ ਪਰਤਖਿ ਸਤੇ

ਸਦਾ ਸਦਾ ਸਤੇ ਜਨੁ ਨਾਨਕੁ ਦਾਸੁ ਦਸੋਨਾ ॥੫॥ (ਵਾਰ ਕਾਨੜਾ ਮ: ੪—੧੩੧੫)

ਇਸ ਸਚੁ (ਸਤ੍ਯ) ਨੂੰ ਸਤਿ ਨਾਮੁ ਜਾਂ ਸਚੁ ਨਾਮੁ ਭੀ ਕਿਹਾ ਹੈ, ਕਈ ਥਾਈਂ ਕੇਵਲ ਨਾਮੁ ਹੀ ਲਿਖ ਕੇ ਸੰਕੇਤ ਕੀਤਾ ਹੈ। ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥

ਕਰਮ ਧਰਮ ਅਨੇਕ ਕਿਰਿਆ ਸਭ ਊਪਰਿ **ਨਾਮੁ-ਆਚਾਰੁ** ॥੨॥(੧੩੭॥ ਪੰਨਾ ੪੦੫)

ਉਹ ਆਚਾਰੁ (ਕਰਤੱਵ) ਕਰਣੀ, ਜੋ ਪ੍ਰਭੂ ਦੇ ਸਿਮਰਨ ਵਾਲੀ ਹੈ, ਸੋ ਸਚੁ ਆਚਾਰੁ ਜਾਂ ਨਾਮੁ ਆਚਾਰੁ ਇਕੋ ਹੀ ਭਾਵ ਵਿਚ ਅਨੇਕਾਂ ਵੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਇਆ ਹੈ—

ਕਰਿ ਆਚਾਰੁ ਸਚੁ, ਸੁਖੁ ਹੋਈ ॥ ਨਾਮ ਵਿਹੂਣਾ ਮੁਕਤਿ ਕਿਵ ਹੋਈ ॥੧੫॥

(ਰਾਮਕਲੀ ਮ: ੧, ਓਅੰਕਾਰੁ, ਪੰਨਾ ੯੩੫)

ਨਾਮੁ-ਸਚੁ ਵਾਲਾ ਆਚਰਣ (ਜੀਵਨ) ਬਣਾ, ਨਾਮ ਤੋਂ ਬਿਨਾਂ ਮੁਕਤੀ, ਮੋਖਸ਼ (ਬੰਦ-ਖਲਾਸੀ) ਨਹੀਂ ਹੋਏਗੀ। ਇਸ ਸਚੁ ਨੂੰ ਨਾਮ ਆਖ ਕੇ ਫੁਰਮਾਇਆ ਹੈ—

ਬਿਨੁ ਨਾਵੈ ਕਿਉ ਛੂਟੀਐ ਜੇ ਜਾਣੈ ਕੋਈ ॥

ਗੁਰਮੁਖਿ ਹੋਇ ਤ ਛੁਟੀਐ, ਮਨਮੁਖਿ ਪਤਿ ਖੋਈ ॥ਰਹਾਉ॥੧੮॥ (ਆਸਾ ਮ: ੧, ਪੰਨਾ ੪੨੦)

ਮਹਲ ਮਹਿ ਬੈਠੇ ਅਗਮ ਅਪਾਰ ॥

ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥੧॥ਰਹਾਉ॥੫॥

(ਮ: ੧ ਮਲਾਰ, ਪੰਨਾ ੧੨੫੬)

ਵੈਸੇ ਆਚਾਰ ਸ਼ਬਦ ਗੁਰਬਾਣੀ ਵਿਚ ਹੋਰ ਕਈ ਅਰਥਾਂ ਜਾਂ ਭਾਵਾਂ ਲਈ ਵਰਤਿਆ ਹੋਇਆ ਹੈ :—

ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ ॥੨॥੧੯॥੫੦॥

(ਧਨਾਸਰੀ ਮ: ੫—੬੮੨)

ਮਨਮੁਖ ਕਾ ਇਹੁ ਬਾਦਿ ਆਚਾਰੁ ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥੨॥

(ਮਲਾਰ ਮ: ੩, ਅਸ:, ਪੰਨਾ ੧੨੭੭)



www.AKJ.Org

ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ, ਇਹੁ ਮਨਮੁਖ ਕਾ ਆਚਾਰੁ ॥੨॥੧॥
(ਮ: ੩, ਪੰਨਾ ੫੦੯)

ਅਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ, ਤਿਨ ਤਨੇ ਰਵਿਦਾਸ ਦਾਸਾਨ ਦਾਸਾ ॥੩॥੨॥
(ਕਰਮ-ਕਾਂਡਾਂ ਵਾਲੇ ਬ੍ਰਾਹਮਣ) (ਮਲਾਰ ਰਵਿਦਾਸ ਜੀ, ੧੨੯੩)

ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥੫॥੨੦।
(ਕੇਵਲ ਧਾਰਮਕ ਰਸਮਾਂ ਦੀ ਰਾਹੀਂ) (ਆਸਾ ਮ: ੧—੩੫੫)

ਗੁਣ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ ॥
ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ ॥੩॥੧੩॥ (ਸਿਰੀ ਰਾਗ ਮ: ੧, ਪੰ: ੧੯)

ਸੋ ਸਹੀ ਆਚਾਰ ਕਿਹੜਾ ਹੈ, ਜਿਸ ਨੂੰ "ਸਚੁ ਆਚਾਰੁ" ਕਿਹਾ ਗਿਆ ਹੈ ? ਉਹ ਹੈ ਨਾਮੁ ਆਚਾਰੁ। ਬਾਕੀ ਆਚਾਰੁ (ਚਲਣ ਕਰਤੱਬ, ਕਰਣੀ, ਕਰਤੂਤ ਜਾਂ ਰਹਿਣੀ ਬਹਿਣੀ, ਜੀਵਨ-ਢੰਗ ਜਾਂ ਮੰਦੇ ਕਰਮਾਂ ਵਿਚ ਉਲਝਣ) ਨੂੰ ਭੀ ਪੂਰਨ ਆਚਾਰ ਨਹੀਂ ਮੰਨਿਆ ਗਿਆ। ਕਿਉਂਕਿ ਇਖਲਾਕੀ ਗੁਣਾਂ ਬਾਰੇ ਭੀ ਮਾਪ-ਦੰਡ ਵਖਰੇ ਵਖਰੇ ਹੋ ਸਕਦੇ ਹਨ ਜਾਂ ਹੈਨ।

ਤਟਿ ਤੀਰਥਿ ਨਹੀ ਮਨੁ ਪਤੀਆਇ ॥ ਚਾਰ ਅਚਾਰ ਰਹੇ ਉਰਝਾਇ ॥੨॥੬॥ (ਪੰਨਾ ੩੨੫)

ਬਿਨਾਂ 'ਨਾਮੁ ਆਚਾਰੁ' ਜਾਂ 'ਸਬਦੁ ਆਚਾਰੁ' ਦੇ 'ਸਚੁ ਆਚਾਰੁ' ਨਹੀਂ ਹੁੰਦਾ, ਇਸੇ ਲਈ ਗੁਰਬਾਣੀ ਵਿਚ ਵਾਰ ਵਾਰ ਬਿਆਨ ਕੀਤਾ ਹੈ ਕਿ—

(ੳ) ਬਿਨੁ ਸਬਦੈ ਆਚਾਰੁ ਨ ਕਿਨਹੀ ਪਾਇਆ ॥੧੬॥ (ਵਾਰ ਮਲਾਰ ਮ: ੧, ਪੰਨਾ ੧੨੮੫)
(ਅ) ਨਾਮੁ ਹਮਾਰੈ ਸਗਲ ਆਚਾਰ ॥੩॥੩੫॥ (ਭੈਰਉ ਮ: ੫, ਪੰਨਾ ੧੧੪੫)
(ੲ) ਸਿਮਰਤ ਨਾਮ ਪੂਰਨ ਆਚਾਰੁ ॥੩॥੮॥ (ਭੈਰਉ ਮ: ੫, ਪੰਨਾ ੧੧੩੭)
(ਸ) ਨਾਮ ਬਿਨਾ ਕੈਸੇ ਆਚਾਰੁ ॥੧॥੧੨॥ (ਪ੍ਰਭਾਤੀ ਮ: ੧, ਪੰਨਾ ੧੩੩੦)
(ਹ) ਸਗਲੀ ਭੂਲੈ, ਨਹੀ ਸਬਦੁ ਅਚਾਰੁ ॥ ਸੋ ਸਮਝੈ, ਜਿਸੁ ਗੁਰੁ ਕਰਤਾਰੁ ॥੪॥੬॥
(ਬਸੰਤ ਮ: ੧, ਪੰਨਾ ੧੧੯੦)
(ਕ) ਜਿਸਹਿ ਨਿਵਾਜੇ ਕਿਰਪਾ ਧਾਰਿ ॥ ਪੂਰਨ ਕਰਮ ਤਾ ਕੇ ਆਚਾਰੁ ॥੨॥੧੦॥
(ਪ੍ਰਭਾਤੀ ਮ: ੫, ਪੰਨਾ ੧੩੪੦)
(ਖ) ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ, ਸਗਲੀ ਛਾਰੁ ॥੨॥੪॥
(ਰਾਮਕਲੀ ਮ: ੧—੯੦੪)
(ਗ) ਜੋਗ ਜੁਗਤਿ ਜਗਜੀਵਨੁ ਸੋਈ ॥ ਕਰਿ ਆਚਾਰੁ ਸਚੁ, ਸੁਖੁ ਹੋਈ ॥
ਨਾਮ ਵਿਹੂਣਾ ਮੁਕਤਿ ਕਿਵ ਹੋਈ ॥੧੫॥ (ਰਾਮਕਲੀ ਮ: ੧, ਓਅੰਕਾਰੁ, ਪੰਨਾ ੯੩੧)
(ਘ) ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਮਜਨੁ ਚਜੁ ਅਚਾਰੁ ॥੨੨॥ (ਮ: ੧—੯੩੨)

ਸਭ ਤੋਂ ਸ੍ਰੇਸ਼ਟ ਸੱਚਾ ਆਚਾਰ ਉਹ ਹੈ, ਜੋ ਸਚੁ-ਵਾਹਿਗੁਰੂ ਪਰਮਾਤਮਾ ਦੇ ਨਾਮ ਸਿਮਰਨ ਵਾਲਾ ਜੀਵਨ ਹੈ। ਇਹੀ 'ਸਚੁ ਆਚਾਰੁ' ਹੈ।

ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਆਚਾਰੁ ॥੨॥੧੩੭॥ (ਪੰਨਾ ੪੦੫)

ਨਾਮ ਸਿਮਰਨ ਦੀ ਰਾਹੀਂ ਧਾਰਮਕ ਮਰਿਆਦਾ ਵਾਲਾ ਜੀਵਨ। ਜੋ ਸਾਧ (ਭਲੇ) ਪੁਰਸ਼ਾਂ ਦਾ ਜੀਵਨ ਹੈ ਉਸ ਦੀ ਨਿਸ਼ਾਨੀ (ਲੱਛਣ) ਇਉਂ ਭੀ ਦਰਸਾਈ ਗਈ ਹੈ :—

ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ, ਇਹੁ ਸਾਧ ਕੋ ਆਚਾਰੁ ॥੧॥੯੩॥
(ਸਾਰੰਗ ਮ: ੫, ਪੰਨਾ ੧੨੨੨)



www.AKJ.Org

ਨਾਮਿ ਰਤੇ ਸਚੁ ਕਰਣੀ ਸਾਰੁ ॥ ਨਾਮਿ ਰਤੇ ਗੁਣ ਗਿਆਨ ਬੀਚਾਰੁ ॥੩੩॥ (੯੪੨, ਮ: ੧)
ਗੁਰਮੁਖਿ ਜਪੀਐ ਅੰਤਰਿ ਪਿਆਰਿ ॥ ਗੁਰਮੁਖਿ ਪਾਈਐ ਸਬਦਿ ਅਚਾਰੁ॥੨੯॥(੯੪੧, ਮ: ੧)

ਕੇਵਲ ਮਿਥੇ ਹੋਏ ਪੁੰਨ ਦਾਨ, ਜਪ ਤਪ, ਯੱਗ ਆਦਿ ਜਿਤਨੇ ਭੀ ਧਾਰਮਕ ਕਰਮ ਜਾਂ ਧਾਰਮਕ ਰਸਮਾਂ ਹਨ, ਇਨ੍ਹਾਂ ਸਭਨਾਂ ਤੋਂ ਉਪਰ ਪ੍ਰਭੂ ਦਾ ਸਚੁ ਨਾਮੁ ਸਚੁ ਆਚਾਰੁ ਹੀ ਹੈ। ਸਚੁ ਆਚਾਰੁ ਤੋਂ ਬਿਨਾਂ ਸਾਰਾ ਸੰਸਾਰ ਹੀ ਹਉਮੈ ਦੀ ਕੈਦ ਵਿਚ ਹੈ। ਵਿਰਲੇ ਭਾਗਸ਼ੀਲ ਮਨੁਖ ਹਨ ਜੋ ਗੁਰੂ ਦੇ ਦੱਸੇ ਉਪਦੇਸ਼ (ਸ਼ਬਦ) ਨੂੰ ਜੀਵਨ ਦਾ ਅਧਾਰ ਬਣਾਉਂਦੇ ਹਨ। ਉਹ ਸ਼ਬਦ-ਆਚਾਰ ਵਾਲੇ ਜਗਿਆਸੂ ਹੀ ਸ੍ਰੇਸ਼ਟ ਹਨ। ਨਹੀਂ ਤਾਂ ਫੋਕੀਆਂ ਰਸਮਾਂ ਕਰਨ ਵਾਲੇ, ਨਾਮ ਤੋਂ ਹੀਣੇ ਮਨੁਖ ਤਾਂ ਦੁਰ-ਅਚਾਰੀ (ਦੁਰਾਚਾਰੀ) ਹੀ ਹੋ ਨਿਬੜਦੇ ਹਨ। ਜਿਵੇਂ ਹਰਣਾਖਸ਼ ਨੂੰ ਹੰਕਾਰੀ ਹੋਣ ਕਾਰਨ ਹੀ ਦੁਰਾਚਾਰੀ ਕਿਹਾ ਗਿਆ ਹੈ, ਜਦ ਕਿ ਉਸ ਦੇ ਜਪ ਤਪ ਕਰਕ ਕਈ ਵਰ ਪ੍ਰਾਪਤ ਕੀਤੇ ਹੋਏ ਭੀ ਦੱਸੇ ਜਾਂਦੇ ਹਨ–

ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥੪॥੯॥
(ਗਉੜੀ ਮ: ੧, ਪੰਨਾ ੨੨੪)

ਇਸੇ ਤਰ੍ਹਾਂ ਹੀ ਆਸਾ ਰਾਗ ਵਿਚ ਗੁਰੂ ਨਾਨਕ ਸਾਹਿਬ ਜੀ ਦਾ ਕਥਨ ਹੈ :–

ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਅਚਾਰੀ ॥
ਜਗਿ ਪੰਡਿਤ ਵਿਰਲਾ ਵੀਚਾਰੀ ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥੩॥
(ਪੰਨਾ ੪੧੨)

ਇਸ ਸਚੁ-ਆਚਾਰ ਨੂੰ ਇਉਂ ਭੀ ਨਾਮ ਵਿਚ ਓਤ ਪੋਤ ਕੀਤਾ ਹੈ :–

ਪੁੰਨ ਦਾਨ ਜਪ ਤਪ ਜੇਤੇ, ਸਭ ਊਪਰਿ ਨਾਮੁ ॥
ਹਰਿ ਹਰਿ ਰਸਨਾ ਜੋ ਜਪੈ, ਤਿਸੁ ਪੂਰਨ ਕਾਮੁ ॥੩॥੧੨੦॥ (ਆਸਾ ਮ: ੫. ਪੰਨਾ ੪੦੧)

ਆਚਾਰੁ ਦੇ ਅਰਥ ਨਾਮ ਦੇ ਭਾਵ ਵਿਚ ਭੀ ਆਏ ਹਨ ਅਤੇ ਧਾਰਮਕ ਰੀਤਾਂ-ਰਸਮਾਂ ਦੇ ਵਾਸਤੇ ਭੀ। ਪ੍ਰੰਤੂ ਸਚੁ-ਆਚਾਰੁ ਨੂੰ ਗੁਰਮੁਖਾਂ ਦੇ ਜੀਵਨ ਨਾਲ ਮੇਲਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਜਿਨ੍ਹਾਂ ਨੇ ਗੁਰਬਾਣੀ ਨੂੰ ਸਮਝ ਕੇ ਉਸ ਅਨੁਸਾਰੀ ਆਪਣੀ ਰਚਨਾ ਕੀਤੀ, ਜਿਸ ਰਚਨਾ ਨੂੰ ਗੁਰੂ ਅਰਜਨ ਦੇਵ ਜੀ ਨੇ 'ਸ੍ਰੀ ਗੁਰੂ ਗ੍ਰੰਥ ਦੀ ਕੁੰਜੀ' ਆਖ ਕੇ ਵਡਿਆਇਆ ਹੈ, ਭਾਈ ਗੁਰਦਾਸ ਜੀ ਭੀ ਇਉਂ ਵਿਆਖਿਆ ਕਰਦੇ ਹਨ:–

ਸਚੁ ਵਣਜੁ ਗੁਰ ਹਟੀਐ ਸਾਧ ਸੰਗਤਿ ਕੀਰਤਿ ਕਰਤਾਰਾ ॥
ਨਾਮੁ ਦਾਨੁ ਇਸਨਾਨੁ ਦ੍ਰਿੜ, ਗੁਰਮੁਖਿ ਪੰਥ ਰਤਨ ਵਪਾਰਾ ।'......
ਸਚਹੁ ਓਰੈ ਸਭ ਕਿਛੁ ਉਪਰਿ ਗੁਰਮੁਖਿ "ਸਚ ਆਚਾਰਾ" ॥......
ਅਪਿਉ ਪੀਐ ਗੁਰਮਤਿ ਹੁਸੀਆਰਾ ॥੬॥ (ਵਾਰ ੩੯)

ਗੁਰਮੁਖਾਂ ਦੀ ਕਰਣੀ ਸਚੁ (ਪ੍ਰਭੂ) ਦੇ ਨਾਮ ਉਤੇ ਟਿਕੀ ਹੋਈ ਹੈ। ਪ੍ਰਭੂ ਦੇ ਨਾਮ ਵਿਚ ਹੀ ਰੰਗਿਆ ਜੀਵਨ ਸਚੁ-ਆਚਾਰੁ ਹੈ। ਵਾਹਿਗੁਰੂ ਜੀ ਦੇ ਨਾਮ ਵਿਚ ਘੜਿਆ ਹੋਇਆ ਅਚਾਰ (ਜੀਵਨ) ਹੀ ਸਚੀ ਘਾੜਤ ਵਾਲਾ ਹੈ। ਸਚੇ ਦੇ ਭਾਉ ਅਤੇ ਨਿਰਮਲ ਭਉ ਵਿਚ 'ਸਚ-ਆਚਾਰੁ' ਹੀ ਸਭ ਤੋਂ ਉਪਰਲਾ ਆਚਾਰ ਹੈ।

ਦੁਨੀਆ ਦੇ ਰਾਜਿਆਂ ਮਹਾਰਾਜਿਆਂ ਦੇ ਬਣਾਏ ਕਾਨੂੰਨ ਦੇ ਅਨੁਸਾਰੀ ਹੋ ਕੇ ਜੀਵਨ ਜੀਉਣ ਵਾਲਿਆਂ ਦਾ ਆਚਾਰ ਭੀ, ਪੂਰਨ ਸਚੁ ਆਚਾਰੁ ਨਹੀਂ ਹੋ ਸਕਦਾ। ਮਨੁੱਖ ਦੁਨਿਆਵੀ ਸਜ਼ਾ ਦੇ ਡਰ ਕਰਕੇ ਜਾਂ ਸਮਾਜ ਤੋਂ ਸ਼ਰਮਿੰਦਾ ਹੋਣ ਦੇ ਡਰੋਂ ਜਾਂ ਹੋਰ ਕਈ ਕਾਰਨਾਂ ਕਰਕੇ, ਭਾਵੇਂ ਸਮਾਜ ਵਿਚ ਮਾਣ-ਪ੍ਰਤਿਸ਼ਟਾ ਬਣਾਈ ਰਖਣ ਲਈ ਜਾਂ ਆਪਣੇ ਚਾਲ-ਚਲਣ ਨੂੰ ਸਮਾਜ ਦੀਆਂ ਨਜ਼ਰਾਂ ਵਿਚ ਜਾਂ ਹਕੂਮਤ ਦੀਆਂ ਨਜ਼ਰਾਂ ਵਿਚ ਚੰਗੇ ਬਣਨ-ਬਣਾਉਣ ਲਈ, ਆਪਣੀਆਂ ਇਖ਼ਲਾਕੀ-ਕਦਰਾਂ ਕੀਮਤਾਂ ਨੂੰ ਕਾਇਮ ਰਖਣ ਲਈ ਅਜਿਹਾ


www.AKJ.Org

ਜਤਨ ਕਰਦਾ ਹੈ। ਫਿਰ ਭੀ ਅੰਦਰ-ਖਾਤੇ ਕਿੰਨੇ ਸੰਕਲਪ-ਵਿਕਲਪ ਤਰਥੱਲੀ ਮਚਾਈ ਰਖਦੇ ਹਨ। ਕਈ ਵੇਰ ਉਸ ਮਿਥੇ ਹੋਏ ਧਰਮ ਕਰਮ ਜਾਂ ਸਮਾਜੀ ਤੌਰ ਪਰ ਮਿਥੇ ਇਖ਼ਲਾਕੀ ਪੱਧਰ ਤੋਂ ਡਿਗ ਕੇ ਚੋਰੀਆਂ ਅਤੇ ਕਈ ਹੋਰ ਕਰਮ ਭੀ ਕਰਦਾ ਹੈ। ਅਜਿਹਾ ਜੀਵਨ-ਚਲਣ ਪੂਰਨ "ਸਚੁ-ਅਚਾਰੁ" ਨਹੀਂ ਹੈ, ਅਧੂਰਾ ਹੈ। ਇਸੇ ਕਰਕੇ ਹੀ ਸਰਕਾਰਾਂ ਦੇ ਬਣਾਏ ਇਖ਼ਲਾਕੀ ਬੰਧਨ ਜਾਂ ਮਾਣ-ਮਰਿਆਦਾ, ਜੋ ਸਮਾਜ ਨੇ ਬਣਾਈ ਹੁੰਦੀ ਹੈ, ਵੀ ਚੰਗੇ ਚੰਗੇ ਸ੍ਰੇਸ਼ਟ ਸਮਝੇ ਜਾਂ ਮੰਨੇ ਜਾਂਦੇ ਮਨੁਖ ਭੀ ਉਲੰਘਣਾ ਕਰ ਜਾਂਦੇ ਹਨ। ਕਈ ਆਪਣੀ ਪਹੁੰਚ ਨਾਲ ਉਲੰਘਣਾ ਕਰ ਕੇ ਭੀ ਸਜ਼ਾ ਤੋਂ ਬਚ ਜਾਂਦੇ ਹਨ ਅਤੇ ਕਈਆਂ ਨੂੰ ਕੀਤੇ ਤੋਂ ਭੀ ਵੱਧ ਸਜ਼ਾ ਮਿਲ ਜਾਂਦੀ ਹੈ। ਜਾਂ ਕਈ ਵੇਰ ਨਿਰਦੋਸ਼ ਭੀ ਸਜ਼ਾ ਭੁਗਤਦੇ ਹਨ।

ਪ੍ਰਭੂ ਪਰਮਾਤਮਾ ਵਲੋਂ ਜੋ ਇਖ਼ਲਾਕੀ ਕਦਰਾਂ-ਕੀਮਤਾਂ ਨਿਰਧਾਰਤ ਕੀਤੀਆਂ ਹੋਈਆਂ ਹਨ, ਉਨ੍ਹਾਂ ਵਿਚ ਪ੍ਰਭੂ ਨੂੰ ਦੁਨਿਆਵੀ ਸਰਕਾਰਾਂ ਜਾਂ ਸਮਾਜੀ-ਜਥੇਬੰਦੀਆਂ ਵਾਂਗ ਮਿਥੇ ਮਾਣ-ਮਰਿਆ ਦਾ ਨੂੰ ਰਦੋ-ਬਦਲ ਕਰਨ ਦੀ ਭੀ ਲੋੜ ਨਹੀਂ ਪੈਂਦੀ। ਪ੍ਰਭੂ ਦੇ ਨਾਮੁ-ਆਚਾਰੁ' 'ਸਚੁ-ਆਚਾਰੁ' ਵਾਲਾ ਧਰਮੀ, ਪ੍ਰਭੂ ਦੀ ਰਜ਼ਾ ਵਿਚ ਇੰਨਾ ਰਾਜ਼ੀ ਹੁੰਦਾ ਹੈ ਕਿ ਉਸ ਨੂੰ ਉਲੰਘਣਾ ਕਰਨ ਦੀ ਲੋੜ ਹੀ ਨਹੀਂ ਪੈਂਦੀ। ਜੇ ਕੋਈ ਅਜਿਹੀ ਸਥਿਤੀ ਬਣੇ ਭੀ ਤਾਂ ਉਹ ਪ੍ਰਭੂ (ਮਾਲਕ), ਜੋ ਸਭ ਤੋਂ ਉਪਰ ਹੈ, ਉਸ ਅੱਗੇ ਅਰਦਾਸ ਕਰ ਲੈਂਦਾ ਹੈ, ਹਰ ਪ੍ਰਕਾਰ ਦੀ ਹੋਣੀ ਨੂੰ ਵਾਹਿਗੁਰੂ ਜੀ ਦੇ ਹਵਾਲੇ ਕਰ ਕੇ, ਉਸ 'ਸਚੁ-ਅਚਾਰੁ' ਦੇ ਜੀਵਨ ਵਿਚ ਹੀ ਰਸ ਮਾਣਦਾ ਹੈ। ਇਸ 'ਸਚੁ-ਅਚਾਰੁ' ਵਿਚ ਸਾਰੀਆਂ ਕੁਦਰਤੀ ਇਖ਼ਲਾਕ ਵਾਲੀਆਂ ਰਮਜ਼ਾਂ ਦੀ ਭੀ ਸੋਝੀ ਆਪਣੇ ਆਪ ਹੀ ਹੋ ਜਾਂਦੀ ਹੈ। ਫਿਰ ਅਜਿਹਾ ਸਚ-ਆਚਾਰੀ ਮਨੁਖ, ਕੇਵਲ ਬਾਹਰਮੁਖੀ ਧਾਰਮਕ ਰਸਮਾਂ ਜਾਂ ਕਰਮ-ਕਾਂਡਾਂ ਦੀ ਜਲੂਣ ਤੋਂ ਭੀ ਸੁਤੰਤਰ ਹੋ ਜਾਂਦਾ ਹੈ। ਕੇਵਲ ਦਿਖਾਵੇ ਮਾਤਰ ਕਿਸੇ ਰਸਮ ਨੂੰ ਭੀ ਕਰਨਾ ਉਸ ਲਈ ਜ਼ਰੂਰੀ ਨਹੀਂ ਰਹਿੰਦਾ। ਬੇਸ਼ਕ ਐਸੇ ਜਨ ਵਿਰਲੇ ਸੱਚ-ਆਚਾਰੀ, ਸੰਸਾਰ ਦੇ ਭਲੇ ਲਈ, ਦੂਜਿਆਂ ਦਾ ਭਲਾ ਕਰਨ ਲਈ, ਧਾਰਮਕ ਰਸਮਾਂ ਜਾਂ ਧਾਰਮਕ ਕਰਮ ਭੀ ਕਰਦੇ ਹਨ। ਤਾਂ ਜੁ ਸੱਚ ਨਾਲੋਂ ਟੁਟਿਆਂ ਨੂੰ ਸਚੁ (ਸਤਜ) ਸਦੀਵੀ-ਸੱਚ ਵਿਚ ਜੋੜਿਆ ਜਾ ਸਕੇ—

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥੫੪॥ (ਪੰਨਾ ੭੪੯)

ਅਜਿਹੇ ਸੱਚ-ਆਚਾਰੀ ਮਹਾਂ ਪੁਰਸ਼ਾਂ ਦੀ ਸੰਗਤਿ ਹੀ ਪ੍ਰਭੂ-ਭਗਤੀ ਲਈ ਪ੍ਰੇਰਨਾ ਬਖ਼ਸ਼ਦੀ ਹੈ।

ਇਸ ਲੇਖ ਦੇ ਸਿਰਲੇਖ ਵਿਚ ਵਰਤੀ ਪੰਗਤੀ ਵਾਲਾ ਪੂਰਾ ਸ਼ਬਦ ਹੀ ਹਰਿ ਨਾਮ ਦੀ, ਸੱਚੇ ਨਾਮ ਦੀ ਵਡਿਆਈ ਦਰਸਾਉਂਦਾ ਹੈ ਅਤੇ ਪਰਗਟ ਕੀਤਾ ਗਿਆ ਹੈ ਕਿ ਕੋਈ ਹੋਰ ਕਰਮ ਜਾਂ ਜਤਨ ਹਰਿ ਨਾਮ ਦੇ ਤੁਲ ਨਹੀਂ ਹੈ। ਉਹ ਸ਼ਬਦ ਇਉਂ ਹੈ—

ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥ ਸਬਦ ਸੁਰਤਿ ਸੁਖੁ ਉਪਜੈ ਪ੍ਰਭ ਰਾਤਉ ਸੁਖ ਸਾਰੁ॥
ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥੧॥
ਮਨ ਰੇ ਸਾਚੀ ਖਸਮ ਰਜਾਇ ॥ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ॥੧॥ਰਹਾਉ॥
ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ॥ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ॥
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥੨॥
ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥ ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥
ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ॥ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ॥
ਰਾਮ ਨਾਮਿ ਮਨੁ ਬੇਧਿਆ, ਗੁਰ ਦੀਆ ਸਚੁ ਦਾਨੁ ॥੪॥

* 'ਸੂਰਾ' ਅੰਮ੍ਰਿਤਸਰ, ਮਈ ੧੯੯੨



www.AKJ.Org

ਮਨ-ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰੁ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰੁ ॥
**ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ ॥੫॥**
ਸਭੁ ਕੋ ਊਚਾ ਆਖੀਐ, ਨੀਚੁ ਨ ਦੀਸੈ ਕੋਇ ॥ ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥
ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥
ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥
**ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥**
ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ॥ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥
ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥ (ਸਿਰੀਰਾਗੁ ਮ: ੧,ਪੰਨਾ ੬੨)

ਉਪਰੋਕਤ ਸ਼ਬਦ ਵਿਚ ਅੱਠ ਬੰਦ ਹਨ। ਹਰੇਕ ਬੰਦ ਦੀ ਤੀਜੀ ਅਤੇ ਆਖ਼ਰੀ ਪੰਗਤੀ ਗਹੁ ਨਾਲ ਪੜ੍ਹੀਏ। ਸਤਿਗੁਰੂ ਜੀ ਹਰਿਨਾਮ ਦੀ ਵਡਿਆਈ ਹੀ ਦਸਦੇ ਹੋਏ ਬਾਕੀ ਹਰ ਪ੍ਰਕਾਰ ਦੇ ਕੀਤੇ ਜਪ, ਤਪ, ਦਾਨ, ਤੀਰਥ ਅਤੇ ਨਿਰੇ ਧਾਰਮਕ ਕਰਮ ਜਾਂ ਧਾਰਮਕ ਗਿਆਨ ਦੀ ਕੇਵਲ ਸੋਝੀ ਜਾਂ ਚੁੰਚ ਗਿਆਨ ਨੂੰ ਕੋਈ ਮਹੱਤਤਾ ਨਹੀਂ ਦਿੰਦੇ ਸਗੋਂ ਬਾਰ ਬਾਰ ਫੁਰਮਾਇਆ ਹੈ ਕਿ—

ਹਰਿਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥

ਮੋਖਸ਼ ਜਾਂ ਮੁਕਤੀ ਭੀ ਸਬਦ, ਨਾਮੁ, ਹੁਕਮੁ ਨੂੰ ਮੰਨ ਕੇ ਹੀ ਹੋ ਸਕੇਗੀ। ਇਹੋ ਕਾਰਨ ਹੈ ਕਿ ਇਸ ਸਾਰੇ ਸ਼ਬਦ ਦੀ "ਰਹਾਉ" ਦੀ ਪੰਗਤੀ ਵਿਚ ਸਾਰੇ ਸ਼ਬਦ ਦਾ ਕੇਂਦਰੀ ਭਾਵ ਅਤੇ ਤੱਤ ਉਪਦੇਸ਼ ਇਹ ਹੈ ਕਿ ਹੇ ਮੇਰੇ ਮਨ! ਜਿਸ ਪ੍ਰਭੂ ਨੇ ਸੋਹਣਾ ਸੁੰਦਰ ਸਰੀਰ ਦੇ ਕੇ ਤੈਨੂੰ ਹਰ ਪ੍ਰਕਾਰ ਸ਼ਿੰਗਾਰਿਆ ਹੋਇਆ ਹੈ, ਉਹਦੇ ਨਾਲ ਸੁਰਤਿ ਜੋੜ, ਉਸ ਦਾ ਸਿਮਰਨ ਕਰ। ਉਸ ਖਸਮ ਪ੍ਰਭੂ ਦੀ ਜੋ ਰਜ਼ਾ ਹੈ, ਜੋ ਹੁਕਮ ਹੈ ਓਹੀ ਸੱਚਾ ਹੈ। ਉਸ ਸੱਚੇ ਦੀ ਰਜ਼ਾ ਵਿਚ ਰਹਿ ਕੇ, ਨਾਮ-ਸਿਮਰਨ ਕਰ ਕੇ, ਜੀਵਨ ਨੂੰ ਸੱਚੇ ਦੇ ਆਚਾਰ ਵਿਚ ਬਤੀਤ ਕਰ। ਇਹੀ ਸਭ ਤੋਂ ਉਪਰ ਸੱਚਾ ਆਚਾਰ ਹੈ, ਸਹੀ ਚਾਲ-ਚਲਣ ਹੈ।

ਨਾਮ ਅਭਿਆਸੀ ਮਨੁਖ, ਜੋ ਵਾਹਿਗੁਰੂ ਜੀ ਦੀ ਰਜ਼ਾ ਵਿਚ ਰਹਿ ਕੇ ਪ੍ਰਭੂ ਭਰੋਸੇ ਜੀਵਨ-ਜੀਉਂਦਾ ਹੈ, ਉਸ ਦੇ ਪੰਜੇ ਵਿਕਾਰ ਭੀ ਖਹਿੜਾ ਛੱਡ ਜਾਂਦੇ ਹਨ। ਦੁਨਿਆਵੀ ਤੌਰ ਪਰ ਭੀ ਸੱਚੇ ਸੁਚੇ ਇਖ਼ਲਾਕ ਵਾਲਾ ਜੀਵਨ ਆਪਣੇ ਆਪ ਹੀ ਬਣ ਜਾਂਦਾ ਹੈ, ਕਿਉਂਕਿ ਅਜਿਹਾ ਮਨੁਖ ਬਾਕੀ ਸਭ ਕੁਝ ਵਾਹਿਗੁਰੂ (ਸਚੁ) ਤੋਂ ਨੀਵਾਂ ਸਮਝ ਕੇ, 'ਸਚੁ-ਆਚਾਰੁ' (ਨਾਮ ਸਿਮਰਨ) ਨੂੰ, ਸਭ ਤੋਂ ਉੱਚਾ ਆਚਰਨ ਬਣਾ ਕੇ ਸੰਸਾਰਕ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਨੂੰ ਨਿਭਾਉਂਦਾ ਹੈ, ਉਹ ਕਿਸੇ ਭੀ ਫਕੀ ਅਤੇ ਦਿਖਾਵੇ ਮਾਤਰ ਰਸਮ ਦੀ ਲਪੇਟ ਵਿਚ ਭੀ ਗ੍ਰਸਤ ਨਹੀਂ ਹੁੰਦਾ। ਸਗੋਂ ਸਤਿਗੁਰੂ ਜੀ ਦੇ ਬਖਸ਼ੇ ਸ਼ਬਦ-ਉਪਦੇਸ਼ ਦੀ ਕਿਰਪਾ ਨਾਲ ਮਨ ਨੂੰ ਸਮਝਾਂਦਾ ਹੈ ਅਤੇ ਨਾਮ-ਅੰਮ੍ਰਿਤ ਛੁੰਚਣ ਕਰਕੇ, 'ਪੀ ਅੰਮ੍ਰਿਤੁ ਸੰਤੋਖਿਆ' ਹੋ ਜਾਂਦਾ ਹੈ।

ਇਹ ਪ੍ਰਾਪਤੀ ਪ੍ਰਭੂ ਦੀ ਮਿਹਰ ਸਦਕਾ ਹੀ ਹੋ ਸਕਦੀ ਹੈ। ਜਿਸ ਨੂੰ ਪ੍ਰਭੂ ਦੀ ਅਜਿਹੀ ਮਿਹਰ ਧੁਰੋਂ ਹੀ ਪ੍ਰਾਪਤ ਹੋਈ ਹੋਵੇ, ਉਸ ਨੂੰ ਕੋਈ ਮੇਟ ਭੀ ਨਹੀਂ ਸਕਦਾ—

ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ਼ ਨ ਮੇਟੈ ਕੋਇ ॥੬॥ (ਪੰਨਾ ੬੨)

ਸੋ ਸਪੱਸ਼ਟ ਹੈ ਕਿ "ਸਚੁ-ਆਚਾਰੁ" ਓਹੋ ਹੈ ਜੋ ਸੱਚੇ ਦੇ ਹੁਕਮ ਅੰਦਰ, ਸੱਚੇ ਨਾਲ ਜੁੜੀ ਸੁਰਤਿ ਵਾਲਾ ਆਚਰਨ ਹੈ। ਨਾਮ-ਸਿਮਰਨ ਵਾਲਾ ਜੀਵਨ ਹੈ।

ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਆਚਾਰੁ ॥੨॥੧੩੭॥ (ਆਸਾ ਮ: ੫–੪੦੫)

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥**

**ਸਭ ਊਪਰਿ ਨਾਮੁ ਆਚਾਰੁ ॥ ਸਭ ਊਪਰਿ ਨਾਮੁ ਆਚਾਰੁ ॥**


www.AKJ.Org

# ਉੱਤਮ ਸ੍ਰੋਤੇ

[ਪ੍ਰਿੰਸੀਪਲ ਸੱਜਣ ਸਿੰਘ ਜੀ, 618, ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿੱਲੀ-19]

ਨਿਰਬਾਣ ਕੀਰਤਨ ਮੇਘ ਸਮਾਨ ਹੈ, ਜਿਹੜਾ ਜੰਗਲ, ਬੇਲਿਆਂ ਤੇ ਰੜੇ ਮੈਦਾਨਾਂ ਵਿਚ, ਵਿਤਕਰੇ ਬਿਨਾਂ, ਗੂੜ੍ਹੀ ਛਹਿਬਰ ਲਾ ਕੇ ਵਰ੍ਹਦਾ ਹੈ। ਪਰ ਇਸ ਦੇ ਬਾਵਜੂਦ ਕੱਲਰ ਧਰਤੀ ਤੇ ਮਨਮੁਖ ਬਬੀਹੇ ਦੇ ਭਾਗਾਂ ਵਿਚ ਜੀਵਨ-ਦਾਨ ਦੀ ਬਖ਼ਸ਼ਸ਼ ਨਹੀਂ। ਇਹ ਨਿਹਕਰਮੇ ਸਾਗਰ ਵਿਚ ਰਹਿੰਦੇ ਹੋਏ ਵੀ ਪਿਆਸੇ ਹਨ। ਭੋਲੇ, ਮੂਰਖ ਚਾਤ੍ਰਿਕ ਦੇ ਭਰਮ ਅਤੇ ਖੋਖਲੇ ਗਿਆਨ ਬਾਰੇ ਹਜ਼ੂਰ ਦੇ ਬਚਨ ਹਨ :

ਚਾਤ੍ਰਿਕ ਤੂ ਨ ਜਾਣਹੀ ਕਿਆ ਤੁਧੁ ਵਿਚਿ ਤਿਖਾ ਹੈ ਕਿਤੁ ਪੀਤੈ ਤਿਖ ਜਾਇ ॥
ਦੂਜੈ ਭਾਇ ਭਰੰਮਿਆ, ਅੰਮ੍ਰਿਤ ਜਲੁ ਪਲੈ ਨ ਪਾਇ ॥
ਨਦਰਿ ਕਰੇ ਜੇ ਆਪਣੀ ਤਾਂ ਸਤਿਗੁਰੁ ਮਿਲੈ ਸੁਭਾਇ ॥
ਨਾਨਕ ਸਤਿਗੁਰ ਤੇ ਅੰਮ੍ਰਿਤ ਜਲੁ ਪਾਇਆ, ਸਹਜੇ ਰਹਿਆ ਸਮਾਇ ॥੨॥੧੫॥
(ਮ: ੩, ਵਾਰ ਮਲਾਰ ਮ: ੧, ਪੰਨਾ ੧੨੮੪)

ਇਹੋ ਦਸ਼ਾ ਸਾਡੇ ਵਰਗੇ ਸ੍ਰੋਤਿਆਂ ਦੀ ਹੈ, ਜਿਹੜੇ ਕੀਰਤਨ-ਨਾਮ ਦੀਆਂ ਝੜੀਆਂ ਵਿਚ ਇਸ਼ਨਾਨ ਕਰਦੇ ਭੀ, ਨਾਮ-ਰਸ ਦੀ ਪ੍ਰਾਪਤੀ ਬਿਨਾਂ, ਪਿਆਸੇ ਮਰਦੇ ਹਨ। ਬਸੰਤ ਰੁੱਤ ਦੀ ਵਡਿਆਈ ਸੁੱਕੇ ਦਰੱਖਤਾਂ ਵਿਚ ਹਰਿਆਵਲ ਭਰਨ ਵਿਚ ਹੈ, ਕੂਲੇ ਕੂਲੇ ਨਰਮ ਬੂਟਿਆਂ ਵਿਚ ਸੁਗੰਧੀ ਭਰਨ ਵਿਚ ਹੈ ਤੇ ਬਗੀਚਿਆਂ ਵਿਚ ਰੰਗ-ਬਰੰਗੇ ਫੁੱਲਾਂ ਦੀ ਸੁੰਦਰਤਾ ਤ ਮਹਿਕ ਫੈਲਾਉਣ ਵਿਚ ਹੈ। ਇਸ ਦੇ ਵਿਪਰੀਤ ਜੁਆਹਾਂ ਦਾ ਬੂਟਾ ਕਣਕ ਦੀ ਫ਼ਸਲ ਨਾਲ ਉੱਗਣ ਵਾਲਾ ਬਿਲਕੁਲ ਬਾਰਸ਼ ਨਹੀਂ ਮੰਗਦਾ। ਇਹ ਤਾਂ ਮੀਂਹ ਕਾਰਨ ਕਾਲਖ ਉਤਪੰਨ ਕਰਦਾ ਹੈ। ਇਸ ਸ਼੍ਰੇਣੀ ਦੇ ਬੂਟੇ ਕੋਮਲਤਾ, ਸੁੰਦਰਤਾ ਤੇ ਸੁਗੰਧੀ ਦੇ ਗੁਣ ਵੰਡਣ ਵਿਚ ਸਦਾ ਹੀ ਅਸਮਰੱਥ ਰਹਿੰਦੇ ਹਨ। ਹਜ਼ੂਰ ਦਾ ਫ਼ੁਰਮਾਨ ਹੈ :

ਸਘਨ ਬਾਸੁ ਕੂਲੇ ॥ ਇਕਿ ਰਹੇ ਸੂਕਿ ਕਠੂਲੇ ॥
ਬਸੰਤ ਰੁਤਿ ਆਈ ॥ ਪਰਫੂਲਤਾ ਰਹੇ ॥੧॥੧੮॥ (ਬਸੰਤੁ ਮ: ੫, ਪੰਨਾ ੧੧੮੫)

ਮਨਮੁਖਾਂ ਨੂੰ ਸੁਭਾਵਕ ਹੀ ਰੱਬੀ ਕੀਰਤਨ ਨਹੀਂ ਭਾਉਂਦਾ, ਪਰ ਜੇ ਸਤਿਗੁਰੂ ਦੇ ਸਿੱਖ ਅਖਵਾਉਣ ਵਾਲਿਆਂ ਦਾ ਮਨ ਵੀ ਕੀਰਤਨ ਵਿਚ ਨ ਜੁੜੇ ਤਾਂ ਕੀਰਤਨ ਸ੍ਰਵਣ ਕਰਨ ਵਿਚ ਜ਼ਰੂਰ ਕਿਤੇ ਨ ਕਿਤੇ ਉਕਾਈ ਹੁੰਦੀ ਹੋਵੇਗੀ। ਮੇਘੈ ਨੂੰ ਫ਼ੁਰਮਾਨ ਹੁੰਦਾ ਹੈ, ਉਹ ਅਖੰਡਾ-ਕਾਰ ਛਹਿਬਰ ਲਾ ਕੇ ਕਾਇਆਂ-ਧਰਤੀ ਦੀ ਤਪਸ਼ ਬੁਝਾਉਂਦਾ ਹੈ, ਪਰ ਇਕ ਵੀਰ ਦੀ ਸੁਰਤੀ ਕੀਰਤਨ ਵਿਚ ਚੁੱਭੀ ਹੁੰਦੀ ਹੈ, ਜਦ ਕਿ ਦੂਸਰੇ ਦਾ ਮਨ ਬਾਸੇ ਪੰਛੀ ਵਾਂਗ ਭਟਕਦਾ ਫਿਰਦਾ ਹੈ, ਕਦੇ ਕੀਰਤਨ ਦੇ ਸਦਕੇ ਸਾਡੀ ਖਿੰਡਰੀ ਹੋਈ ਬਿਰਤੀ ਟਿਕਾਉ ਵਿਚ ਆਉਂਦੀ ਹੈ, ਕਦੇ ਕੀਰਤਨ ਦਾ ਪ੍ਰਭਾਵ ਬਿਲਕੁਲ ਨਹੀਂ ਪੈਂਦਾ, ਜਿਵੇਂ ਬਰਖਾ ਕੱਲਰ ਵਿਚ ਵਰ੍ਹ ਕੇ ਅਸਫਲ ਜਾਂਦੀ ਹੈ। ਇਸ ਵਰਗ ਦੇ ਬੰਦੇ ਬਹੁਤ ਢਿੱਲੜ, ਅਭਾਗੇ ਤੇ ਅਗਿਆਨੀ ਹਨ ਤੇ ਕਬੀਰ ਭਗਤ ਜੀ ਨੇ ਇਨ੍ਹਾਂ ਪ੍ਰਤੀ ਬਹੁਤ ਕਠੋਰ ਬਚਨ ਆਖੇ ਹਨ :

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥ (ਸਲੋਕ ਕਬੀਰ ਜੀ, ੧੩੭੨)

ਆਮ ਸ੍ਰੋਤੇ ਕੀਰਤਨ ਸੁਣਨ ਤੋਂ ਪਹਿਲਾਂ ਹੀ ਪੂਰਬ-ਧਾਰਣਾ ਬਣਾ ਲੈਂਦੇ ਹਨ, ਤੇ ਪ੍ਰਸਿੱਧ ਜਾਂ ਗੁਰੂ ਘਰ ਵਿਚ ਵਰੋਸਾਏ ਕੀਰਤਨੀਏ ਦੀ ਸ਼ਖ਼ਸੀਅਤ ਦਾ ਪ੍ਰਭਾਵ ਪਹਿਲਾਂ ਵੀ ਮਨ ਵਿਚ ਬਿਠਾ ਲੈਂਦੇ ਹਨ। ਇਹ ਗੱਲ ਬਹੁਤ ਸ਼ਲਾਘਾ ਯਗ ਹੈ, ਪਰ ਜੇ ਕਿਸੇ ਕੀਰਤਨੀਏ ਦੇ ਐਬਾਂ, ਨੁਕਸਾਂ, ਖ਼ਾਮੀਆਂ ਤੇ ਅਵਗੁਣਾਂ ਨੂੰ ਸੱਦਾ ਦੇ ਕੇ ਆਪਣਾ ਮਨ ਮਲੀਨ ਕਰ ਲਈਏ ਤਾਂ ਉਸ ਦਾ ਕੀਰਤਨ ਫਲ-ਸਰੂਪ ਨਹੀਂ ਹੋਵੇਗਾ,



www.AKJ.Org

ਭਾਵੇਂ ਉਹ ਕਿੰਨਾ ਵੀ ਮਨਮੋਹਣਾ ਕੀਰਤਨ ਕਰੇ। ਇਹ ਮਨੋ-ਬਿਰਤੀ ਹੰਸਾਂ ਦੀ ਨਹੀਂ, ਕਾਗਾਂ ਦੀ ਹੈ। ਨੁਕਤਾਚੀਨੀ ਕਰਨ ਵਾਲਾ ਪ੍ਰਾਣੀ ਛੱਪੜ ਵਿਚੋਂ ਡੱਡਾਂ ਭਾਲਣ ਵਾਲੇ ਬਗਲੇ ਤੋਂ ਉੱਤਮ ਨਹੀਂ ਹੈ। ਗੁਰਮੁਖ ਹੰਸ, ਮਾਨ-ਸਰੋਵਰ ਵਿਚੋਂ ਹੀਰੇ ਮੋਤੀ ਨਾਮ-ਪਦਾਰਥ ਚੁਗਦਾ ਹੈ, ਇਹ ਉਸਦਾ ਕੁਦਰਤੀ ਸੁਭਾਅ ਹੈ। ਉਸ ਦਾ ਪ੍ਰੇਮ ਰਾਗੀ ਦੀ ਸ਼ਖ਼ਸੀਅਤ ਨਾਲੋਂ ਕਿਤੇ ਵੱਧ ਗੁਰਬਾਣੀ ਨਾਲ ਹੈ।

ਬੱਚੇ ਨੂੰ ਮੁੱਢਲੀ ਸਥਿੱਤੀ ਵਿਚ ਸਾਖੀਆਂ, ਕਹਾਣੀਆਂ, ਕਵਿਤਾਵਾਂ ਤੇ ਗੀਤਾਂ ਦੁਆਰਾ ਗੁਰੂ-ਘਰ ਨਾਲ ਜੋੜਨ ਦਾ ਉੱਦਮ ਕਾਫ਼ੀ ਹੱਦ ਤਕ ਸਹਾਇਕ ਹੁੰਦਾ ਹੈ, ਪਰ ਉਮਰ ਦੀ ਪਕਿਆਈ ਤੇ ਮਾਨਸਕ ਵਿਕਾਸ ਹੋਣ ਤੇ ਵੀ ਜੇ ਅਸੀਂ ਕੱਚੀ ਬਾਣੀ ਦਾ ਲਗਾਉ ਨਹੀਂ ਤਿਆਗਿਆ ਤਾਂ ਸੱਚੀ ਬਾਣੀ ਮਨ ਵਿਚ ਕਦ ਵਸੇਗੀ ? ਗੁਰਬਾਣੀ ਗੁਰੂ ਨਾਨਕ ਦੇਵ ਜੀ ਦਾ ਹਿਰਦਾ ਹੈ, ਆਤਮਾ ਹੈ, ਰੂਹ ਹੈ, ਕਿਉਂਕਿ ਗੁਰਬਾਣੀ ਪਾਵਨ ਹਿਰਦੇ ਵਿਚੋਂ ਪ੍ਰਕਾਸ਼ਮਾਨ ਹੋਈ ਹੈ। ਗੁਰੂ ਦਾ ਪਿਆਰ ਤੇ ਗੁਰਬਾਣੀ ਦਾ ਪਿਆਰ ਭਿੰਨ ਭਿੰਨ ਨਹੀਂ ਹੈ। ਦੂਸਰੇ ਸ਼ਬਦਾਂ ਵਿਚ ਗੁਰਬਾਣੀ ਪ੍ਰਤੀ ਪਿਆਰ, ਸ਼ਰਧਾ, ਸਤਿਕਾਰ ਹੀ ਸਤਿਗੁਰੂ ਦੇ ਪਿਆਰ ਦੀ ਕਸੌਟੀ ਹੈ। ਜਿਸ ਗੁਰਮੁਖ ਜਨ ਦਾ ਹਿਰਦਾ ਦਸਾਂ ਗੁਰੂਆਂ ਦੀ ਆਤਮਿਕ ਜੋਤਿ, ਸ਼ਬਦ ਗੁਰੂ ਦੇ ਪ੍ਰਕਾਸ਼ ਨਾਲ ਪ੍ਰਜ੍ਵਲਿਤ ਹੈ ਤੇ ਇਕ-ਰਸ ਗੁਰਬਾਣੀ ਵਿਚ ਲੀਨ ਹੈ, ਉਹ "ਬਾਣੀ ਗੁਰੂ ਗੁਰੂ ਹੈ ਬਾਣੀ" (੯੮੨) ਦੀ ਇਕਮਿੱਕਤਾ ਸਦਕੇ ਨਾ ਹੀ ਕਿਸੇ ਕਥਾ ਵਖਿਆਨ ਤੇ ਪਸੀਜਦਾ ਹੈ ਨਾ ਹੀ ਅਨਿਕ ਪ੍ਰਕਾਰੀ ਅਰਥਾਂ ਤੇ। ਇਹ ਪ੍ਰੇਮ-ਰੰਗਣ ਵਿਚ ਰੰਗੀ ਬਿਰਤੀ ਦੀ ਅਵਸਥਾ ਦਾ ਇਕ ਵਿਸ਼ੇਸ਼ ਨਮੂਨਾ ਹੈ, ਕਥਾ ਜਾਂ ਅਰਥਾਂ ਦੀ ਵਿਰੋਧਤਾ ਨਹੀਂ।

ਕੀਰਤਨ ਵਿਚ ਕਥਾ ਦੇ ਹਾਮੀ ਵਿਦਵਾਨ ਬਹੁਤ ਸੁੰਦਰ ਦਲੀਲ ਦਿੰਦੇ ਹਨ ਕਿ ਕਥਾ ਕੀਰਤਨ ਦੇ ਮਹਾਤਮ ਨੂੰ ਲਖਾਂਵਦੀ ਹੈ ਤੇ ਕੀਰਤਨ ਮਨ ਵਿਚ ਰਾਗ (ਹਰਖ) ਉਤਪੰਨ ਕਰਦਾ ਹੈ। ਧੰਨ ਹਨ, ਮੁਬਾਰਕ ਹਨ ਐਸੇ ਕੀਰਤਨੀਏ ਜਿਹੜੇ ਇਸ ਵਿਧੀ ਦੁਆਰਾ ਸੰਗਤਾਂ ਨੂੰ ਉਤਸ਼ਾਹਤ ਕਰ ਕੇ ਗੁਰੂ ਘਰ ਨਾਲ ਸਦੀਵੀ ਨਾਤਾ ਬਣਾਉਣ ਵਿਚ ਸਫਲ ਹੁੰਦੇ ਹਨ, ਪਰ ਅਖੰਡ ਕੀਰਤਨ ਦੀ ਆਪਣੀ ਅਤੁੱਲ ਹੀ ਵਡਿਆਈ ਹੈ। ਇਹ ਕੇਵਲ ਨਿਰਵਿਘਨਤਾ ਸਹਿਤ, ਲਗਾਤਾਰ ਕੀਰਤਨ ਹੀ ਨਹੀਂ, ਬਲਕਿ ਮਨੁੱਖੀ ਉਪਮਾ, ਲੈਕਚਰਬਾਜ਼ੀ, ਸਤਿਗੁਰੂ ਜੀ ਦੇ ਪਾਵਨ ਬਚਨਾਂ ਤੇ ਪੰਥ ਦੁਆਰਾ ਪ੍ਰਵਾਨਤ ਬਚਨਾਂ ਤੋਂ ਛੁੱਟ ਹੋਰ ਕੱਚੀ ਬਾਣੀ ਤੋਂ ਰਹਿਤ ਹੈ। ਗੁਰ-ਸ਼ਬਦ ਦੇ ਗੂਹਜ ਭਾਵਾਂ ਨੂੰ ਅਰਥਾਉਣ ਜਾਂ ਸਪੱਸ਼ਟ ਕਰਨ ਲਈ ਅਤੇ ਦ੍ਰਿੜ੍ਹ ਕਰਾਉਣ ਲਈ ਗੁਰਬਾਣੀ ਵਿਚੋਂ ਲੋੜ ਪੈਣ ਤੇ ਢੁੱਕਵੇਂ ਪਰਮਾਣ ਦੇਣੇ, ਕਥਾ ਦਾ ਸਰਬੱਤਮ ਸਰੂਪ ਹੈ।

ਸੱਚੀ ਬਾਣੀ ਨੂੰ ਪ੍ਰੇਮ ਸਹਿਤ ਸੁਣਨ ਵਾਲਿਆਂ ਨੂੰ ਵਡਭਾਗੀ ਆਖਿਆ ਗਿਆ ਹੈ। ਉਨ੍ਹਾਂ ਦੀ ਨਾਮ ਸਰੂਪ ਗੁਰਬਾਣੀ ਦੇ ਸਿਵਾ ਹੋਰ ਕੁਝ ਵੀ ਸੁਣਨ ਦੀ ਲਾਲਸਾ ਹੀ ਖ਼ਤਮ ਹੋ ਗਈ।

ਹਰਿ ਕੇ ਨਾਮ ਬਿਨੁ ਧ੍ਰਿਗੁ ਸ੍ਰੋਤ ॥
ਜੀਵਨ ਰੂਪ ਬਿਸਾਰਿ ਜੀਵਹਿ, ਤਿਹ ਕਤ ਜੀਵਨ ਹੋਤ ॥... (ਕੇਦਾਰਾ ਮਹਲਾ ੧—੧੧੨੧)

ਹਰਿ-ਨਾਮ-ਕੀਰਤਨ ਬਿਨਾਂ ਆਨ ਕੱਚੀ ਬਾਣੀ ਦੇ ਸੁਣਨਹਾਰ ਨੂੰ ਵਿਟਕਾਰ ਹੈ, ਅਸਲੀ ਜੀਵਨ ਹਰਿ-ਨਾਮ ਉਸਤਤਿ ਵਿਚ ਹੈ। ਗੁਰਦੇਵ ਜੀ ਜਦ ਤਰੁੱਠਦੇ ਹਨ ਤਾਂ ਗੁਰਸਿੱਖ ਦੇ ਗਿਆਨ ਇੰਦ੍ਰੇ (ਅੱਖਾਂ, ਰਸਨਾ ਤੇ ਕੰਨ ਆਦਿਕ) ਹਰਿ-ਨਾਮ ਰੂਪ ਕੀਰਤਨ-ਸਰੋਵਰ ਵਿਚ ਚੁੱਭੀਆਂ ਮਾਰ ਕੇ ਅੰਤਰਗਤਿ ਇਸ਼ਨਾਨ ਕਰਦੇ ਹਨ :

ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ, ਰਸਨਾ ਨਾਮੁ ਵਖਾਨੀ ॥
ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ, ਹਿਰਦੈ ਹਰਿ ਹਰਿ ਭਾਨੀ ॥੩॥੫॥
(ਸਾਰੰਗ ਮ: ੪—੧੨੦੦)

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ॥੧॥੨॥(੬੯੪)



www.AKJ.Org

ਸੰਸਾਰਕ ਗੱਲਾਂ ਸੁਣਨ ਲਈ ਕੰਨਾਂ ਨੂੰ ਕਹਿਣ ਜਾਂ ਸਮਝਾਉਣ ਦੀ ਲੋੜ ਨਹੀਂ ਪੈਂਦੀ, ਪਰ ਧੁਰ ਦਰਗਾਹੋਂ ਉੱਤਰੀ ਸੱਚੀ ਬਾਣੀ ਸੁਣਨੀ ਬਹੁਤ ਕਠਨ ਹੈ। ਆਕੀ ਤੇ ਅੜੀਅਲ ਮਨ ਪੈਰ ਪੈਰ ਤੇ ਢੁੱਚਰਾਂ ਡਾਹੁੰਦਾ ਹੈ। ਮਨ ਦੀ ਸਦੀਵੀ ਅਰੋਗਤਾ ਲਈ ਗੁਰਬਾਣੀ ਸਫਲ ਤੇ ਭਰੋਸੇ ਯੋਗ ਮਾਰਗ-ਦਰਸ਼ਨ ਹੈ। ਹਜ਼ੂਰ ਦਾ ਫ਼ੁਰਮਾਨ ਹੈ :

ਆਇਓ ਸੁਨਨ ਪੜਨ ਕਉ ਬਾਣੀ ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ, ਬਿਰਥਾ ਜਨਮੁ ਪਰਾਣੀ॥੧॥ਰਹਾਉ॥(ਸਾਰੰਗ ਮ: ੫-੧੨੧੯)

ਏਕਾਗਰਤਾ ਲਈ ਦ੍ਰਿੜ੍ਹਤਾ, ਇਰਾਦਾ-ਸ਼ਕਤੀ, ਅਲਪ ਆਹਾਰ, ਨਾਮ ਸਿਮਰਨ, ਅਭਿਆਸ ਕਮਾਈ ਆਦਿਕ ਸਹਾਇਕ ਹਨ। ਸਾਵਧਾਨਤਾ ਲਈ ਅਤੇ ਆਲਸ ਦੂਰ ਕਰਨ ਲਈ, ਚੜ੍ਹਦੀ ਕਲਾ ਵਿਚ ਵਿਚਰਨ ਵਾਲੇ ਗੁਰਮੁਖਾਂ ਦੀ ਸੰਗਤ, ਉੱਦਮ, ਅੰਮ੍ਰਿਤ ਵੇਲੇ ਦਾ ਇਸ਼ਨਾਨ, ਚੌਕੜੀ ਮਾਰ ਕੇ ਚਤੰਨ ਬੈਠਣਾ, ਉੱਤਮ ਸਾਧਨ ਹਨ। ਇਉਂ ਢਿੱਲੜ ਮਨ ਬਲਵਾਨ ਹੁੰਦਾ ਹੈ।

ਭਰੇ ਹੋਏ ਭਾਂਡੇ ਵਿਚ ਕੋਈ ਹੋਰ ਵਸਤੂ ਨਹੀਂ ਸਮਾਉਂਦੀ। ਮੋਹ, ਲਗਾਉ, ਦੁਨੀਆ ਦੇ ਜੰਜ਼ਾਲ, ਬਿਨਾਂ ਮਤਲਬ ਦੇ ਰੁਝੇਵੇਂ, ਜ਼ਿਮੇਵਾਰੀਆਂ, ਮਾਇਆ ਦਾ ਪਸਾਰਾ ਆਦਿ ਕੀਰਤਨ ਦੇ ਦੈਵੀ ਗੁਣਾਂ ਦੇ ਪ੍ਰਭਾਵ ਨੂੰ ਗ੍ਰਹਿਣ ਕਰਨ ਵਿਚ ਮਹਾਨ ਰੁਕਾਵਟਾਂ ਹਨ। ਮਾਇਆ-ਪਾਹਿਆ ਤਨ, ਲੋਭ ਨਾਲ ਰੰਗਿਆ ਮਨ, ਆਤਮਾ ਵਿਚ ਨਿਰਮਲਤਾ ਦਾ ਵਾਸਾ ਨਹੀਂ ਹੋਣ ਦਿੰਦਾ। ਇਸੇ ਕਰਕੇ ਗੁਰਮੁਖ ਜਨ ਗੁਰਬਾਣੀ ਦਾ ਪਾਠ ਤੇ ਵੀਚਾਰ ਦੋਹਾਂ ਦੀ ਓਟ ਅਪਣਾਉਂਦਾ ਹੈ। ਗੁਰਬਾਣੀ ਮਨ ਦੀ ਮੈਲ ਉਤਾਰ ਕੇ ਰੱਬੀ ਚਾਨਣ ਬਖਸ਼ਣ ਦੇ ਸਮਰੱਥ ਹੈ। ਸਤਿਗੁਰੂ ਦੀ ਬਖਸ਼ਸ਼ ਸਦਕੇ, ਐਸੇ ਸੁਧਰੇ ਮਨ ਤੋਂ ਕੀਰਤਨ ਸੁਣਨ ਲਈ ਕਾਫ਼ੀ ਹੱਦ ਤਕ ਸਹਿਯੋਗ ਦੀ ਆਸ਼ਾ ਰੱਖੀ ਜਾ ਸਕਦੀ ਹੈਂ।

ਗੁਰਮਤਿ ਖ਼ੁਦਗਰਜ਼ੀ ਦੇ ਅੰਸ਼ ਤੋਂ ਨਿਰਲੇਪ ਹੈ। ਕੇਵਲ ਨਿੱਜੀ ਸੁਧਾਰ, ਨਿੱਜੀ ਚੰਗਿਆਈ, ਗੁਰਸਿੱਖੀ ਦਾ ਅਸੂਲ ਨਹੀਂ। ਹਰੇਕ ਸਿੱਖ ਧਰਮ ਪ੍ਰਚਾਰਕ ਹੈ ਤੇ ਆਦਰਸ਼ਕ ਗੁਰਸਿੱਖ ਆਪਣੇ ਦੈਵੀ ਗੁਣਾਂ ਤੇ ਕਰਤੱਵ ਦੁਆਰਾ ਪ੍ਰੇਰਨਾ ਦੇਣੀ ਆਪਣਾ ਮੁੱਖ ਧਰਮ ਸਮਝਦਾ ਹੈ। ਪਰ ਚਿੱਤ ਲਾ ਕੇ ਸੁਣੇ ਬਿਨਾਂ, ਹਿਰਦੇ ਵਿਚ ਵਸਾਏ ਬਿਨਾਂ ਤੇ ਗੁਰ-ਉਪਦੇਸ਼ ਕਮਾਏ ਬਿਨਾਂ ਕੀਰਤਨ ਦੀ ਕਲਾ ਨਹੀਂ ਵਰਤਦੀ। ਕਰਨੀ ਪਰਧਾਨ ਹੈ, ਅਮਲ ਬਿਨਾਂ ਪਖੰਡ ਹੈ, ਦੰਭ ਹੈ। ਦ੍ਰਿੜ੍ਹ ਨਿਸਚੇ ਦੇ ਸਦਕੇ ਗੁਣ ਰਿਦੇ ਵਿਚ ਸਮਾਉਂਦੇ ਹਨ :

ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ
ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨ ॥੩॥੧੧॥ (੭੩੪)

ਪੂਰਨ ਵਿਸ਼ਵਾਸ ਦੁਆਰਾ ਸਤਿਗੁਰ ਨਾਲ ਪੱਕੀ ਗੰਢ ਪੈਂਦੀ ਹੈ। ਇਹ ਬਿਜਲੀ ਦੀ ਤਾਰ ਹੈ, ਜਿਸ ਰਾਹੀਂ ਜੋਤੀ ਸਰੂਪ ਵਾਹਿਗੁਰੂ, ਬਿਜਲੀ-ਘਰ ਤੋਂ ਅਬਿਚਲ ਰੌਸ਼ਨੀ ਦਾ ਪ੍ਰਕਾਸ਼ ਪ੍ਰਗਟ ਹੁੰਦਾ ਹੈ, ਤੱਤ ਗਿਆਨ ਦਾ ਨੂਰ ਉਗਮਦਾ ਹੈ। ਅਕਾਲ ਪੁਰਖ ਦੀ ਸਰਬ-ਵਿਆਪਕ ਸੱਤਾ ਕੇਵਲ ਗਿਆਨ ਲਈ ਨਹੀਂ ਹੈ। ਉਸ ਨੂੰ ਹਰ ਸਮੇਂ ਅੰਗ ਸੰਗ ਸਮਝਣਾ ਤੇ ਸਰਬ ਕਲਾ ਸਮਰੱਥਾ ਵਿਚ ਯਕੀਨ ਰੱਖਣਾ ਗੁਰਬਾਣੀ ਸੁਣਨ ਲਈ ਪ੍ਰੇਰਨਾ ਬਖ਼ਸ਼ਦੇ ਹਨ। ਪੂਰਨ ਭਰੋਸਾ ਹਰਿ ਕੀਰਤਨ-ਮਾਰਗ ਤੋਂ ਉੱਖੜਨ ਤੋਂ ਬਚਾਉਂਦਾ ਹੈ। ਸਤਿਗੁਰ ਦਾ ਫ਼ੁਰਮਾਨ ਹੈ—

ਜੋ ਜੋ ਸੁਨੈ ਪੇਖੈ ਲਾਇ ਸਰਧਾ ਤਾ ਕਾ ਜਨਮ ਮਰਨ ਦੁਖੁ ਭਾਗੈ ॥
ਐਸੀ ਨਿਰਤਿ ਨਰਕ ਨਿਵਾਰੈ ਨਾਨਕ ਗੁਰਮੁਖਿ ਜਾਗੈ ॥੪॥੪॥੪੩॥ (ਆਸਾ ਮ: ੫-੩੮੧)

ਗੁਰਮੁਖਾਂ ਦਾ ਕਹਿਣਾ ਹੈ, ਜਦ ਸਿਮਰਨ-ਕੀਰਤਨ ਵਿਚ ਨਾਮ-ਰਸ ਦੀ ਤੋਟ ਅਨੁਭਵ ਹੋਵੇ ਤਾਂ ਨਿਸ਼ਕਾਮ ਸੇਵਾ ਦੀ ਪ੍ਰਬਲ ਓਟ ਗ੍ਰਹਿਣ ਕਰਨੀ ਬਣਦੀ ਹੈ। ਸੇਵਾ ਤੋਂ ਉਪਜੇ ਨਿਮਰਤਾ ਤੇ ਆਤਮ-ਸਮਰਪਣ ਦੇ ਗੁਣ ਲਿਵਲੀਨਤਾ ਮਾਰਗ ਦਰਸਾਉਂਦੇ ਹਨ। ਹਉਮੈ ਦਾ ਰੋਗ ਕਟੀਂਦਾ ਹੈ ਤੇ ਭਰਮ ਦਾ ਪੜਦਾ ਦੂਰ ਹੁੰਦਾ ਹੈ। ਦੂਸਰੇ ਪਾਸੇ ਸੱਚੀ ਸੁੱਚੀ ਸੇਵਾ, ਆਲ ਜੰਜਾਲ ਤੇ ਫ਼ਾਲਤੂ ਗੱਲਾਂ ਤੋਂ ਹੋੜਦੀ ਹੈ, ਇਹ



www.AKJ.Org

ਕਾਰ ਗੁਰਮੁਖਾਂ ਨੂੰ ਭਾਉਂਦੀ ਹੈ ।

ਹਰਿ ਜਨ ਕਉ ਇਹੀ ਸੁਹਾਵੈ ॥
ਪੇਖਿ ਨਿਕਟਿ ਕਰਿ ਸੇਵਾ ਸਤਿਗੁਰ, ਹਰਿ ਕੀਰਤਨ ਹੀ ਤ੍ਰਿਪਤਾਵੈ ॥ਰਹਾਉ॥੧੬॥
(ਸੋਰਠਿ ਮਹਲਾ ੫ - ੬੧੩)

ਕੀਰਤਨ ਸੁਣਨ ਸਮੇਂ, ਸਰੀਰ ਦੇ ਢਿੱਲੜਪੁਣੇ ਜਾਂ ਅਧਿਕ ਉਦਰ-ਪੂਰਤੀ ਕਾਰਨ ਸ੍ਰੋਤਾ ਉਬਾਸੀ ਦਾ ਸ਼ਿਕਾਰ ਬਣ ਜਾਂਦਾ ਹੈ । ਇਹ ਨੀਂਦ ਤੇ ਆਲਸ ਦਾ ਚਿੰਨ੍ਹ ਹੈ । ਇਸ ਤੋਂ ਸੁਚੇਤ ਰਹਿਣ ਲਈ ਉੱਤਮ ਰਾਹ ਹੈ ਸ੍ਰੋਤਿਆਂ ਦੀ ਸ਼੍ਰੇਣੀ ਤੋਂ ਉੱਚਾ ਉੱਠ ਕੇ ਸਰੀਰਕ ਤੇ ਮਾਨਸਕ ਤੌਰ ਤੇ ਕੀਰਤਨ ਵਿਚ ਭਾਗ ਲੈਣਾ ।

ਮਿਲਿ ਰਹੀਐ ਪ੍ਰਭ ਸਾਧ ਜਨਾ, ਮਿਲਿ ਹਰਿ ਕੀਰਤਨੁ ਸੁਨੀਐ ਰਾਮ ॥
ਦਇਆਲ ਪ੍ਰਭੂ ਦਾਮੋਦਰ-ਮਾਧੋ ਅੰਤੁ ਨ ਪਾਈਐ ਗੁਨੀਐ ਰਾਮ ॥੩॥੩॥
(ਰਾਮਕਲੀ ਮਹਲਾ ੫—੯੨੬)

ਸਾਧ ਜਨਾਂ ਦਾ ਇਹ ਸਮੂਹ ਸਾਧਾਰਨ ਸ੍ਰੋਤਿਆਂ ਦਾ ਇਕੱਠ ਨਹੀਂ, ਇਹ ਦਰ-ਅਸਲ ਨਾਮ-ਰਸੀਆਂ ਤੇ ਅਭਿਆਸੀਆਂ ਦਾ ਕੀਰਤਨ-ਅਖਾੜਾ ਹੈ । ਏਥੇ ਕੀਰਤਨ ਦੀਆਂ ਗੂੰਜਾਂ ਸਹਿਜੇ ਹੀ ਦਲਿੱਦਰ ਨੂੰ ਪਛਾੜਦੀਆਂ ਹਨ ।

ਹਜ਼ੂਰ ਨੇ ਗਾਵਣ, ਸੁਣਨ ਲਈ ਜਿਸ ਅਨਮੋਲ ਵਿਧੀ ਦੀ ਬਖ਼ਸ਼ਸ਼ ਕੀਤੀ ਹੈ ਉਸ ਦਾ ਜ਼ਿਕਰ ਕਈ ਵਾਰ ਹੋਇਆ ਹੈ । ਇਹ ਹੈ 'ਭਾਉ', ਅਰਥਾਤ ਭਾਵਨਾ, ਸ਼ਰਧਾ-ਪਿਆਰ ਤੇ ਪ੍ਰੇਮਾ ਭਗਤੀ ਆਦਿ ।

ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥੫॥

ਅਤੇ— ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥੨੧॥ (ਜਪੁਜੀ ਸਾਹਿਬ)

ਗੁਰ-ਫ਼ੁਰਮਾਨਾਂ ਤੋਂ ਸਪੱਸ਼ਟ ਹੈ ਕਿ ਪ੍ਰੇਮ ਭਾਵਨਾ ਦੁਆਰਾ ਗਾਵਣਾ, ਸੁਣਨਾ ਤੇ ਮੰਨਣਾ ਨਾ-ਕੇਵਲ ਦੁੱਖਾਂ ਕਲੇਸ਼ਾਂ ਤੋਂ ਛੁਟਕਾਰਾ ਦਿਵਾਉਂਦਾ ਹੈ, ਬਲਕਿ ਅੰਤਰ-ਆਤਮੇ ਤੀਰਥ ਵਿਚ ਮਲ ਮਲ ਕੇ ਨ੍ਹਾਉਣਾ ਵੀ ਨਸੀਬ ਹੁੰਦਾ ਹੈ । ਐਸਾ ਉੱਤਮ ਕੀਰਤਨ ਮਾਇਆ-ਮਦ-ਮੱਤਿਆਂ, ਮੋਹ-ਪਿਆਸ ਤੇ ਅਗਿਆਨਤਾ ਦੀ ਨੀਂਦੇ ਸੁੱਤਿਆਂ ਨੂੰ ਹਲੂਣ ਕੇ ਜਗਾਉਂਦਾ ਹੈ ਤੇ ਇਨ ਬਿਧਿ ਜਨਮ ਜਨਮ ਦੀ ਮੈਲ ਉਤਾਰ ਕੇ ਆਤਮ-ਜਾਗਰਣ ਦੀ ਉੱਚ ਅਵਸਥਾ ਤਕ ਪਹੁੰਚਾਉਂਦਾ ਹੈ । ਹਜ਼ੂਰ ਦਾ ਫ਼ੁਰਮਾਨ ਹੈ :

ਸਫਲੁ ਜਨਮੁ ਤਾਂ ਕਾ ਪਰਵਾਣੁ ॥ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥
ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥ ਜਨਮ ਜਨਮ ਕਾ ਸੋਇਆ ਜਾਗੈ॥੩॥੨੨॥ (੮੯੯)

---


## ਭਾਈ ਸਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਕਥਾ ਕੀਰਤਨ | ੧੬-੦੦ | ਗੁਰਮਤਿ ਸੱਚ ਨਿਰਣੇ | ੧੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਅੰਮ੍ਰਿਤ ਕੀ ਹੈ ? ੩-੦੦ ਅੰਮ੍ਰਿਤ ਕਲਾ | ੧-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ ੮-੫੦ ਸੁਪਨਾ | ੧-੨੫ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧ ਹੈ | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |


www.AKJ.Org

# ਸੋਈ ਗੁਰਮੁਖਿ ਪਿਆਰੇ ਮੇਲਿ (੭)

[ਪ੍ਰੋਫੈਸਰ ਗੁਰਮੁਖ ਸਿੰਘ ਜੀ]

ਡੇਰਾ ਬਾਬਾ ਜੱਸਾ ਸਿੰਘ ਪਟਿਆਲਾ ਦੇ ਸੰਤ ਗੁਰਮੁਖ ਸਿੰਘ ਜੀ ਜਿਥੇ ਉਪਰੋਕਤ ਡੇਰੇ ਦੇ ਮਹੰਤ ਸਨ, ਉਥੇ ਉਹ ਸਿੰਘ ਸਭਾ ਲਹਿਰ ਦੇ ਪ੍ਰਸਿੱਧ ਪ੍ਰਚਾਰਕਾਂ ਵਿਚੋਂ ਭੀ ਇਕ ਸਨ। ਆਪ ਕਰੀਬ ਸੌ ਸਾਲ ਇਸ ਸੰਸਾਰ ਦੀ ਯਾਤਰਾ ਕਰਨ ਉਪਰੰਤ ੧੯੮੪ ਵਿਚ ਹਰਿਮੰਦਰ ਸਾਹਿਬ ਤੇ ਹੋਏ ਨੀਲਾ ਤਾਰਾ ਦੇ ਸ਼ਾਕ ਕਾਰਨ ਅਕਾਲ ਚਲਾਣਾ ਕਰ ਗਏ। ਉਸ ਸਮੇਂ ਆਪ ਨਿਊਯਾਰਕ (ਅਮਰੀਕਾ) ਵਿਚ ਸਨ। ਗੁਰਮਤਿ ਕਾਲਜ ਦੀ ਚਾਰ ਸਾਲ ਸੇਵਾ ਦੇ ਦੌਰਾਨ ਦਾਸ ਦਾ ਉਹਨਾਂ ਨੂੰ ਨੇੜਿਓਂ ਵੇਖਣ ਅਤੇ ਪਹਿਚਾਨਣ ਦਾ ਸੁਭਾਗ ਪ੍ਰਾਪਤ ਹੋਇਆ। ਆਪ ਬੜੇ ਹਸਮੁਖ, ਪਰ ਡੂੰਘੇ ਗੁਰਮਤਿ ਚਿੰਤਕ ਸਨ। ਆਪਣੇ ਵਖਿਆਨ ਦੌਰਾਨ ਭੀ ਕਈ ਵਾਰੀ ਹਾਸ ਵਿਅੰਗ ਨਾਲ ਸੰਗਤਾਂ ਨੂੰ ਹਸਾ ਕੇ ਪ੍ਰਸੰਨ ਕਰ ਦਿੰਦੇ ਸਨ। ਵਿਅੰਗ ਕਰਨ ਲਗਿਆਂ ਤਾਂ ਉਹ ਆਪਣੇ ਸਮਕਾਲੀ ਹਮ-ਉਮਰ ਸੰਤਾਂ ਮਹਾਂਪੁਰਖਾਂ ਨੂੰ ਭੀ ਨਹੀਂ ਸੀ ਬਖ਼ਸ਼ਦੇ। ਉਹਨਾਂ ਆਪ ਦਸਿਆ, "ਇਕ ਵਾਰੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਲੁਧਿਆਣੇ ਸਟੇਸ਼ਨ ਤੇ ਗੱਡੀ ਦੀ ਉਡੀਕ ਕਰ ਰਹੇ ਸਨ। ਮੈਂ ਭੀ ਉਸੇ ਗੱਡੀ ਜਾਣਾ ਸੀ। ਕੁਦਰਤੀ ਸਟੇਸ਼ਨ ਤੇ ਮੇਲ ਹੋ ਗਿਆ। ਮੈਨੂੰ ਆਉਂਦਿਆਂ ਨੂੰ ਭਾਈ ਸਾਹਿਬ ਨੇ ਉੱਚੀ ਆਵਾਜ਼ ਮਾਰ ਕੇ ਕਿਹਾ, "ਆ ਜਾ ਸਾਧਾ, ਜਲ ਛੱਕ ਲੈ।" ਮੈਂ ਕੋਲ ਜਾ ਕੇ ਕਿਹਾ, "ਤੁਹਾਡਾ ਸਰਬ-ਲੋਹ ਦਾ ਜਲ ਖ਼ਬਰੇ ਮੇਰੇ ਹਜ਼ਮ ਹੋਵੇ ਕਿ ਨਾ, ਮੈਂ ਤਾਂ ਟੂਟੀ ਦਾ ਜਲ ਹੀ ਛਕਦਾ ਹੁੰਦਾ ਹਾਂ।" ਭਾਈ ਸਾਹਿਬ ਇਹ ਉਤਰ ਸੁਣ ਕੇ ਬਹੁਤ ਹੱਸੇ, "ਵਾਹ ਓਇ ਸਾਧਾ, ਕਮਾਲ ਕਰ ਦਿਤੀ ਆ।"

ਇਕ ਵਾਰੀ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਨੇ ਸੰਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਦੀਵਾਨ ਉਤੇ ਸ੍ਰੀ ਅੰਮ੍ਰਿਤਸਰ ਦੇ ਯਤੀਮਖ਼ਾਨੇ ਵਿਚ ਕੀਰਤਨ ਕਰਨ ਲਈ ਸੱਦਾ ਦਿਤਾ। ਕਹਿੰਦੇ, ਜਾਣਾ ਤਾਂ ਅਸੀਂ ਸ੍ਰੀ ਨਗਰ ਸੀ, ਪਰ ਭਾਈ ਸਾਹਿਬ ਦਾ ਹੁਕਮ ਭੀ ਕੌਣ ਮੋੜੇ। ਆਪਣੇ ਪੂਰੇ ਜੱਥੇ ਸਮੇਤ (ਜੋ ਕਈ ਵਾਰੀ ੨੦-੩੦ ਸਿੰਘਾਂ ਦਾ ਹੁੰਦਾ ਸੀ) ਦੀਵਾਨ ਵਿਚ ਹਾਜ਼ਰੀ ਭਰੀ। ਕੀਰਤਨ ਵਿਚ ਵਖਿਆਨ ਦੌਰਾਨ, ਜਿਹਾ ਕਿ ਉਹਨਾਂ ਦਾ ਤਰੀਕਾ ਸੀ, ਆਪ ਨੇ ਸਮੂਹ ਸੰਗਤ ਨੂੰ ਇਕ ਸਵਾਲ ਪੁਛਿਆ, ਭਾਈ ਸਾਹਿਬ ਵੀਰ ਸਿੰਘ ਅਤੇ ਹੋਰ ਬਹੁਤ ਸਾਰੇ ਵਿਦਵਾਨ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਮੁਖੀ ਬੈਠੇ ਹੋਏ ਸਨ। ਸਵਾਲ ਇਹ ਸੀ ਕਿ ਜਦੋਂ ਅੰਮ੍ਰਿਤ ਛਕਾਇਆ ਜਾਂਦਾ ਹੈ ਤਾਂ ਹਰ ਅੰਮ੍ਰਿਤਧਾਰੀ ਨੂੰ ਇਹ ਦ੍ਰਿੜ੍ਹ ਕਰਾਇਆ ਜਾਂਦਾ ਹੈ ਕਿ ਅੱਜ ਤੋਂ ਤੇਰੇ ਪਿਤਾ ਗੁਰੂ ਗੋਬਿੰਦ ਸਿੰਘ, ਅਤੇ ਮਾਤਾ ਸਾਹਿਬ ਕੌਰ ਜੀ ਹਨ, ਅਤੇ ਤੂੰ ਵਾਸੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਦਾ ਹੈਂ। ਸਵਾਲ ਇਹ ਹੈ ਕਿ ਸਿੱਖ ਕੌਮ ਨੇ ਇਸ ਆਸ਼ਰਮ ਦਾ ਨਾਮ ਯਤੀਮ-ਘਰ ਕਿਉਂ ਚੁਣਿਐ, ਜਦੋਂ ਕਿ ਖ਼ਾਲਸਾ ਪੰਥ ਵਿਚ ਕੋਈ ਯਤੀਮ ਨਹੀਂ ਹੁੰਦਾ?

ਆਪ ਸ਼ਾਮ ਨੂੰ ਜਦੋਂ ਭਾਈ ਸਾਹਿਬ ਵੀਰ ਸਿੰਘ ਜੀ ਨੂੰ ਮਿਲਣ ਗਏ ਤਾਂ ਭਾਈ ਸਾਹਿਬ ਨੇ ਬਹੁਤ ਪਿਆਰ ਦਿੱਤਾ ਤੇ ਉਠਾਏ ਗਏ ਗੁਰਮਤਿ ਸਿਧਾਂਤ ਦੇ ਨੁਕਤੇ ਦੀ ਭਰਪੂਰ ਸ਼ਲਾਘਾ ਕੀਤੀ ਕਿ ਵਾਕਈ ਅੰਮ੍ਰਿਤਧਾਰੀ ਬੱਚੇ ਕਦੀ ਯਤੀਮ ਨਹੀਂ ਹੁੰਦੇ। ਪਰ ਚੀਫ਼ ਖ਼ਾਲਸਾ ਦੀਵਾਨ ਨੂੰ ਅਜੇ ਤਕ ਕੋਈ ਯੋਗ ਨਾਂ ਨਹੀਂ ਲੱਭਾ।

ਦਾਸ ਨੂੰ ਇਕ ਵਾਰੀ ਬਚਨ ਬਿਲਾਸ ਕਰਦਿਆਂ ਪ੍ਰਸ਼ਨ ਪੁਛ ਲਿਆ, "ਤੁਸੀਂ ਗੁਰਮਤਿ ਕਾਲਜ ਦੇ ਮੁਖੀ ਹੋ, ਪੜ੍ਹੇ ਲਿਖੇ ਹੋ, ਫਿਰ ਕੀ ਕਾਰਨ ਹੈ ਤੁਹਾਡੇ ਵਰਗੇ ਪੜ੍ਹੇ ਲਿਖੇ ਪ੍ਰਿੰਸੀਪਲਾਂ ਜਾਂ ਪ੍ਰੋਫ਼ੈਸਰਾਂ ਦੀ ਕੋਈ ਸਿੱਖੀ ਸੇਵਕੀ ਨਹੀਂ, ਜਦ ਕਿ ਇਕ ਅਨਪੜ੍ਹ ਸਾਧ ਦੇ ਮਗਰ ਹਜ਼ਾਰਾਂ ਸ਼ਰਧਾਲੂ ਲੱਗ ਜਾਂਦੇ ਹਨ? ਸੰਤ ਜੀ ਬਹਿਸ ਵਿਚ ਹਾਰ ਘੱਟ ਹੀ ਮੰਨਦੇ ਸਨ। ਅਤੇ ਦਾਸ ਇਸ ਪ੍ਰਕਾਰ ਦੇ ਸਵਾਲ ਦੇ ਤਰਕ-ਸੰਗਤ ਵਿਸ਼ਲੇਸ਼ਣ ਵਿਚ ਪੈਣ ਤੋਂ ਸੰਕੋਚ ਕਰਨਾ ਚਾਹੁੰਦਾ ਸੀ। ਮੇਰਾ ਵਕਤੀ ਉਤਰ ਇਹ ਸੀ ਕਿ ਸਾਡੇ ਵਰਗੇ ਪੜ੍ਹੇ ਲਿਖੇ ਸਿੱਖਾਂ ਵਿਚ ਪ੍ਰੇਮਾ ਭਗਤੀ ਤੇ ਸਿਦਕ ਦੀ ਦ੍ਰਿੜ੍ਹਤਾ ਕਿਸੇ ਆਪ ਜੀ ਵਰਗੇ ਸੰਤ ਦੇ ਮੁਕਾਬਲੇ ਘੱਟ ਹੁੰਦੀ ਹੈ, ਇਸ ਲਈ



www.AKJ.Org

ਲੋਕੀ ਸੰਤਾਂ ਨੂੰ ਰੱਬ ਦੇ ਨੇੜੇ ਸਮਝ ਕੇ ਉਹਨਾਂ ਦੇ ਸ਼ਰਧਾਲੂ ਬਣ ਜਾਂਦੇ ਹਨ। ਪਰ ਵਿਚੇ ਕਈ ਵਾਰੀ ਪਖੰਡੀ ਸਾਧ ਭੀ ਲਾਭ ਉਠਾ ਜਾਂਦੇ ਹਨ। ਸੰਤ ਜੀ ਬੜੇ ਖ਼ੁਸ਼ ਹੋਏ।

ਇਸੇ ਡੇਰੇ ਦੇ ਮੁਖ ਅਸਥਾਨ ਗੁਰਦਵਾਰਾ ਸਾਹਿਬ ਵਿਖੇ ਇਕ ਵਾਰੀ ਭਾਈ ਮਹਿੰਦਰ ਸਿੰਘ ਐਸ.ਡੀ.ਓ. ਪਟਿਆਲੇ ਦੇ ਕੁਝ ਸਿੰਘਾਂ ਸਮੇਤ ਕੀਰਤਨ ਆਸਾ ਦੀ ਵਾਰ ਵਿਚ ਹਾਜ਼ਰੀ ਭਰਨ ਆਏ। ਵਾਹ ਵਾਹ ਆਨੰਦ ਬਣਿਆ। ਕੀਰਤਨ ਦੀ ਸਮਾਪਤੀ ਤੇ ਸੰਤ ਜੀ ਭਾਈ ਮਹਿੰਦਰ ਸਿੰਘ ਨੂੰ ਆਪਣੇ ਕਮਰੇ ਵਿਚ ਲੈ ਗਏ। ਦਾਸ ਭੀ ਨਾਲ ਹੀ ਸੀ। ਪੁਛਣ ਲੱਗੇ, "ਭਾਈ ਸਾਹਿਬ, ਦੁਨੀਆ ਦਾ ਅਸੂਲ ਚਲਿਆ ਆ ਰਿਹਾ ਹੈ ਕਿ ਹਮੇਸ਼ਾ ਮੂਲ ਉਤੇ ਵਿਆਜ ਲੱਗਦਾ ਹੈ, ਪਰ ਤੁਸੀਂ ਅੱਜ ਵਿਆਜ ਉਤੇ ਮੂਲ ਨੂੰ ਕਿਵੇਂ ਲਾਉਣ ਲੱਗ ਪਏ।

ਅਸੀਂ ਉਹਨਾਂ ਦੇ ਇਸ ਡੂੰਘੇ ਸਵਾਲ ਨੂੰ ਸਮਝ ਨਹੀਂ ਸਕੇ। ਭਾਈ ਮਹਿੰਦਰ ਸਿੰਘ ਨੇ ਇਸ ਪ੍ਰਸ਼ਨ ਨੂੰ ਵਿਸਥਾਰ ਨਾਲ ਦੱਸਣ ਲਈ ਬੇਨਤੀ ਕੀਤੀ। ਸੰਤ ਜੀ ਕਹਿਣ ਲੱਗੇ—ਗੁਰਬਾਣੀ ਮੂਲ ਹੈ, ਭਾਈ ਗੁਰਦਾਸ ਦੀਆਂ ਵਾਰਾਂ ਵਿਆਜ ਬਰਾਬਰ ਹਨ! ਗੁਰਬਾਣੀ ਦੇ ਕਿਸੇ ਨੁਕਤੇ ਨੂੰ ਸਪੱਸ਼ਟ ਕਰਨ ਲਈ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਹਵਾਲੇ ਵਜੋਂ ਵਰਤਣਾ ਉਚਿਤ ਹੈ, ਪਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਪੁਸ਼ਟੀ ਲਈ ਗੁਰਬਾਣੀ ਨੂੰ ਹਵਾਲੇ ਵਜੋਂ ਵਰਤਣਾ, ਗੁਰਬਾਣੀ ਦਾ ਨਿਰਾਦਰ ਕਰਨਾ ਹੈ। ਸੱਚ ਮੁੱਚ ਭਾਈ ਮਹਿੰਦਰ ਸਿੰਘ ਭਾ: ਗੁਰਦਾਸ ਜੀ ਦੀ ਬਾਣੀ ਬਹੁਤ ਪੜ੍ਹਦੇ ਸਨ ਤੇ ਕਈ ਵਾਰੀ ਉਹ ਗੁਰਬਾਣੀ ਦਾ ਪਰਮਾਣ ਭੀ ਦੇ ਜਾਂਦੇ ਸਨ। ਇਕ ਵਾਰੀ ਦਾਸ ਨੇ ਭੀ ਉਹਨਾਂ ਤੋਂ ਸਪੱਸ਼ਟੀਕਰਨ ਮੰਗਿਆ ਸੀ ਕਿ ਕੀ ਭਾਈ ਗੁਰਦਾਸ ਦੀਆਂ ਵਾਰਾਂ ਦਾ ਗਾਇਨ ਕੀਰਤਨ ਮੰਨਿਆ ਜਾ ਸਕਦਾ ਹੈ? ਉਹ ਮੰਨ ਗਏ ਸਨ ਕਿ ਕੀਰਤਨ ਤਾਂ ਕੇਵਲ ਗੁਰਬਾਣੀ ਦਾ ਹੀ ਹੋ ਸਕਦਾ ਹੈ, ਭਾ: ਗੁਰਦਾਸ ਜੀ ਨੂੰ ਹਵਾਲੇ ਵਜੋਂ ਦਿਤਾ ਜਾ ਸਕਦਾ ਹੈ।

ਸਤੰਬਰ ੧੯੭੪ ਵਿਚ ਸਿੰਘ ਸਭਾ ਸ਼ਤਾਬਦੀ ਕਮੇਟੀ ਦੀ ਪ੍ਰੇਰਨਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ। ਉਦੋਂ ਭਾਰੀ ਇਕੱਠ ਸੀ। ਉਹਨਾਂ ਤਿੰਨ ਹਸਤੀਆਂ ਵਿਚ ਇਕ ਸੰਤ ਗੁਰਮੁਖ ਸਿੰਘ ਜੀ ਭੀ ਸਨ। ਜਦੋਂ ਉਹਨਾਂ ਨੂੰ ਹੁਕਮਨਾਮੇ ਅਤੇ ਸਿਰੋਪਾਉ ਦੀ ਤਖ਼ਤ ਸਾਹਿਬ ਤੋਂ ਬਖ਼ਸ਼ਸ਼ ਹੋਈ ਤਾਂ ਜੋ ਸ਼ਬਦ ਉਹਨਾਂ ਉਸ ਸਮੇਂ ਕਹੇ ਉਸ ਤੋਂ ਉਹਨਾਂ ਦੇ ਅੰਤਰ-ਆਤਮੇ ਦੀਆਂ ਰੀਝਾਂ ਦੇ ਦਰਸ਼ਨ ਹੁੰਦੇ ਹਨ। ਉਹ ਕਹਿਣ ਲੱਗੇ:

'ਹੇ ਸੱਚੇ ਪਾਤਸ਼ਾਹ! ਆਪ ਨੇ ਇਸ ਨਾਚੀਜ਼ ਪਾਸੋਂ ਜੋ ਸੇਵਾ ਲਈ ਹੈ, ਉਸ ਲਈ ਆਪ ਦਾ ਕੋਟਾਨ ਕਟ ਸ਼ੁਕਰ ਹੈ। ਮੇਰਾ ਜਨਮ ਇਕ ਹਿੰਦੂ ਘਰਾਣੇ ਵਿਚ ਹੋਇਆ ਸੀ, ਜਿਸ ਕਰਕੇ ਮੈਂ ਇਕ ਹਿੰਦੂ ਮਾਂ ਦਾ ਦੁੱਧ ਚੁੰਘਿਆ। ਮੇਰੀ ਰੀਝ ਹੈ, ਪਾਤਸ਼ਾਹ! ਮੈਨੂੰ ਮੁੜ ਕੇ ਜੇ ਮਨੁਖਾ ਜਨਮ ਬਖ਼ਸ਼ਸ਼ ਹੋਵੇ ਤਾਂ ਮੇਰਾ ਜਨਮ ਕਿਸੇ ਅੰਮ੍ਰਿਤਧਾਰੀ ਮਾਂ ਦੀ ਕੁਖੋਂ ਹੋਵੇ ਤਾਂ ਕਿ ਮੈਂ ਆਪ ਦੇ ਪੰਥ ਦੀ ਹੋਰ ਵਧੇਰੀ ਲਗਨ ਨਾਲ ਸੇਵਾ ਕਰਾਂ।'

੧੯੮੪ ਦੇ ਨੀਲਾ ਤਾਰਾ ਅਪਰੇਸ਼ਨ ਦੀ ਖ਼ਬਰ ਸੁਣ ਕੇ ਆਪ ਸਹਿਨ ਨਾ ਕਰ ਸਕੇ ਅਤੇ ੨੨ ਜੁਲਾਈ ੧੯੮੪ ਨੂੰ ਉਥੇ ਹੀ ਗੁਰਪੁਰੀ ਪਿਆਨੇ ਕਰ ਗਏ।

---

## ਮੇਰੇ ਰਾਮ ਜੀ!

[ਗਿ: ਹਰਜੀਤ ਸਿੰਘ ਜੀ]

ਨਿਰੀਆਂ ਤਿਫਲ ਤਸੱਲੀਆਂ ਦੇ ਨਾਲ, ਵਗਦੇ ਵਹਿਣ ਖਲੋ ਨਹੀਂ ਹੁੰਦੇ।
ਸੱਖਣੀ ਪੋਚਾ ਪਾਚੀ ਦੇ ਨਾਲ, ਡੂੰਘੇ ਜ਼ਖਮ ਸਮੋ ਨਹੀਂ ਹੁੰਦੇ।
ਜਿਨ੍ਹਾਂ ਸਾਜ਼ਾਂ ਦੀਆ ਤਾਰਾਂ ਟੁਟ ਜਾਣ, ਰਾਗ ਉਨ੍ਹਾਂ ਦੇ ਛੋਹ ਨਹੀਂ ਹੁੰਦੇ।
ਮੁੱਕ ਜਾਂਦੇ ਅੱਖੀਆਂ ਚੋਂ ਅੱਥਰੂ, ਨਿਤ ਦੇ ਮਰਨੇ ਰੋ ਨਹੀਂ ਹੁੰਦੇ।
ਫੁਲਵਾੜੀ ਨੂੰ ਅੱਗਾਂ ਲਗ ਜਾਣ, ਸੜ ਗਏ ਫੁੱਲ ਪਰੋ ਨਹੀਂ ਹੁੰਦੇ।



www.AKJ.Org

# ਪੀਰੀ ਮੀਰੀ ਅਥਵਾ ਧਰਮ ਸਿਆਸਤ (੨)

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

(ਲੜੀ ਜੋੜਨ ਲਈ ਵੇਖੋ 'ਸੂਰਾ' ਮਾਰਚ ੧੯੯੨)

## ਮੀਰੀ-ਬਾਹਰਮੁਖੀ ਸੰਘਰਸ਼

### (ੳ) ਮੀਰੀ ਦਾ ਆਰੰਭ—ਸ਼ਾਂਤ-ਮਈ ਸੰਘਰਸ਼ :

'ਮੀਰੀ' ਦਾ ਆਰੰਭ 'ਪੀਰੀ' ਦੇ ਨਾਲ ਹੀ ਹੋਇਆ। ਗੁਰੂ-ਪੀਰ ਨੂੰ 'ਸੱਚਾ ਪਾਤਿਸ਼ਾਹ' ਅਤੇ 'ਹਲਤ ਪਲਤ ਦਾ ਰਾਖਾ' ਕਿਹਾ ਜਾਂਦਾ ਸੀ। ਏਥੇ ਹੀ ਬਸ ਨਹੀਂ, ਗੁਰੂ ਸੱਚੇ ਪਾਤਿਸ਼ਾਹ ਦੇ ਟਾਕਰੇ ਤੇ ਦੁਨਿਆਵੀ ਬਾਦਸ਼ਾਹ ਕੂੜੇ ਕਹੇ ਜਾਂਦੇ ਸਨ। ਭਾਈ ਗੁਰਦਾਸ ਜੀ ਨੇ ਇਸ ਤੱਥ ਨੂੰ ਆਪਣੀਆਂ ਵਾਰਾਂ ਵਿਚ ਭਲੀ ਭਾਂਤ ਨਿਖਾਰਿਆ ਹੈ :

ਸਤਿਗੁਰੁ ਸਚਾ ਪਾਤਿਸਾਹੁ ਕੂੜੇ ਬਾਦਿਸ਼ਾਹ ਦੁਨੀਆਵੈ ॥
ਸਤਿਗੁਰੁ ਨਾਥਾਂ ਨਾਥੁ ਹੈ, ਨਾਉ ਨਾਥ ਅਨਾਥ ਨਿਥਾਵੈ ॥ (ਭਾਈ ਗੁਰਦਾਸ ਜੀ,੧੫/੧)
ਸਤਿਗੁਰੁ ਸਚਾ ਪਾਤਿਸ਼ਾਹੁ ਪਾਤਿਸ਼ਾਹਾ ਪਾਤਿਸ਼ਾਹੁ ਸਿਰੰਦਾ ॥
ਸਚੈ ਤਖਤਿ ਨਿਵਾਸੁ ਹੈ, ਸਾਧ ਸੰਗਤਿ ਸਚ ਖੰਡਿ ਵਸੰਦਾ ॥
ਸਚੁ ਫੁਰਮਾਣੁ, ਨੀਸਾਣੁ ਸਚੁ, ਸਚਾ ਹੁਕਮੁ ਨ ਮੂਲਿ ਫਿਰੰਦਾ ॥
ਸਚੁ ਸਬਦੁ ਟਕਸਾਲ ਸਚੁ ਗੁਰ ਤੇ ਗੁਰ ਹੁਇ ਸਬਦ ਮਿਲੰਦਾ ॥ (ਭਾਈ ਗੁਰਦਾਸ ਜੀ, ੨੬/੧)
ਸਤਿਗੁਰੁ ਸਚਾ ਪਾਤਿਸ਼ਾਹੁ ਬੇਪਰਵਾਹੁ ਅਥਾਹੁ ਸਹਾਬਾ ॥
ਇਕੁ ਛਤਿ ਰਾਜੁ ਕਮਾਂਵਦਾ ਦੁਸਮਣੁ ਦੂਤੁ ਨ ਸੋਰ ਸਰਾਬਾ ॥
ਆਦਲੁ ਅਦਲੁ ਚਲਾਇੰਦਾ ਜਾਲਮੁ ਜੁਲਮੁ ਨ ਜ਼ੋਰ ਜਰਾਬਾ ॥
ਜਾਹਰ ਪੀਰ ਜਗਤ ਗੁਰ ਬਾਬਾ ॥ (ਭਾਈ ਗੁਰਦਾਸ ਜੀ, ੨੪/੩)

ਨਿਰਭਉ ਨਿਰਵੈਰ ਗੁਰੂ-ਪਾਤਿਸ਼ਾਹ ਨੇ 'ਸਚੁ' ਦੀ ਗੁੜ੍ਹਤੀ ਦੇ ਕੇ ਆਪਣੇ ਸਿੱਖ-ਪੁਤਰਾਂ ਨੂੰ ਨਿਰਭਉ ਨਿਰਵੈਰ ਕਰ ਦਿਤਾ। 'ਪੀਰੀ' ਦੇ ਨਾਲ 'ਮੀਰੀ' ਵੀ ਪਹਿਲੇ ਜਾਮੇ ਤੋਂ ਹੀ ਆਰੰਭ ਹੋ ਗਈ। ਆਰੰਭ ਵਿਚ 'ਮੀਰੀ' ਸ਼ਾਂਤਮਈ ਅਤੇ ਸੁਲਹਕੁਲ ਸੀ, ਪਰ ਸੀ ਪੂਰੇ ਤਾਣ ਵਿਚ।

'ਪੀਰੀ' ਦੇ ਗੁਣਾਂ ਦੇ ਨਾਲ ਨਾਲ ਗੁਰੂ-ਪੀਰ ਨੇ ਆਪਣੇ ਗੁਰਸਿੱਖ-ਪੁੱਤਰਾਂ ਵਿਚ 'ਮੀਰੀ' ਦੇ ਗੁਣਾਂ ਦਾ ਵੀ ਸੰਚਾਰ ਕੀਤਾ ਅਤੇ ਪ੍ਰੇਰਣਾ ਦਿੱਤੀ ਕਿ ਜਿਥੇ ਅੰਦਰਲੇ ਪਾਪਾਂ, ਵਿਕਾਰਾਂ ਦੇ ਵਿਰੁਧ ਸੰਘਰਸ਼ ਕਰਨਾ ਧਰਮ ਹੈ, ਉਥੇ ਬਾਹਰਲੇ ਪਾਪੀਆਂ ਅਤੇ ਵਿਕਾਰੀਆਂ ਦੇ ਵਿਰੁਧ ਆਵਾਜ਼ ਉਠਾਣਾ ਵੀ ਧਰਮ ਦਾ ਹੀ ਹਿੱਸਾ ਹੈ :

ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥ (ਪੰਨਾ ੯੬੯)

ਗੁਰੂ-ਪੀਰ ਨੇ ਜ਼ਾਲਮ ਮੀਰ ਵਿਰੁਧ ਸੰਘਰਸ਼ ਕਰਨ ਲਈ ਆਪਣੇ ਸਿੱਖ-ਪੁਤਰਾਂ ਨੂੰ ਲਾਮਬਧ ਕੀਤਾ। ਮਨੁੱਖ ਮਾਤ੍ਰ ਦੀ ਬਰਾਬਰੀ ਦੀ ਆਵਾਜ਼ ਬੁਲੰਦ ਕੀਤੀ। ਜ਼ਾਤ ਪਾਤ[੨੯] ਵਿਰੁਧ ਜਹਾਦ ਖੜਾ ਕੀਤਾ ਤੇ ਜ਼ਾਤ-ਅਭਿਮਾਨੀਆਂ ਨੂੰ ਸਮਾਜ ਦੇ ਵੈਰੀਆਂ ਤੇ ਦੋਸ਼ੀਆਂ ਦੀ ਸਫ਼ ਵਿਚ ਲਿਜਾ ਖੜਾ ਕੀਤਾ ਗੁਰੂ-ਪੀਰ ਨੇ ਪਹਿਲੇ ਜਾਮੇ ਵਿਚ ਜ਼ਾਲਮ ਬਾਬਰ ਨੂੰ ਗੱਜ ਵੱਜ ਕੇ ਜਾਬਰ ਆਖਿਆ ਤੇ ਖਰੀਆਂ ਖਰੀਆਂ ਸੁਣਾਈਆਂ :

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥੨॥੨੨॥ (ਪੰ: ੧੨੮੮)

ਦੂਜੇ ਜਾਮੇ ਵਿਚ ਜ਼ਾਲਮ ਹਮਾਯੂੰ ਨੂੰ ਅਣਗਉਲਿਆ ਕੀਤਾ। ਜਦੋਂ ਉਸ ਨੇ ਗੁਰੂ-ਪੀਰ ਉਤੇ ਤਲਵਾਰ

੨੯. ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥੧॥ਰਹਾਉ॥੩॥ (ਪੰਨਾ ੩੪੯)



www.AKJ.Org

ਉਘਰੀ ਤਾਂ ਨਿਰਭਉ ਗੁਰੂ-ਪੀਰ ਨੇ ਫੁਰਮਾਇਆ, "ਵਡਿਆ ਬੀਰ ਬਹਾਦਰਾ ! ਇਹ ਤਲਵਾਰ, ਜੋ ਫ਼ਕੀਰਾਂ ਤੇ ਉਘਰਦਾ ਹੈਂ, ਸ਼ੇਰ ਸ਼ਾਹ ਸੂਰੀ ਨਾਲ ਟਾਕਰੇ ਸਮੇਂ ਕਿਥੇ ਸੀ ?"

ਤੀਜੇ ਜਾਮੇ ਵਿਚ ਊਚ ਨੀਚ ਦਾ ਭੇਦ ਮਿਟਾਉਣ ਲਈ ਚਹੁਆਂ ਵਰਣਾਂ ਵਾਸਤੇ 'ਸੰਗਤਿ' ਅਤੇ 'ਪੰਗਤਿ' ਦੀ ਸਾਂਝ ਕਾਇਮ ਕੀਤੀ। ਜਾਤ-ਅਭਿਮਾਨੀਆਂ ਵਿਰੁਧ ਸੰਘਰਸ਼ ਪ੍ਰਚੰਡ ਕੀਤਾ। ਧਰਮ ਪ੍ਰਚਾਰ ਦੇ ਕੰਮ ਦਾ ਸੰਗਠਨ ਕੀਤਾ ਤੇ ਇਸ ਲਈ ਵੱਖ ਵੱਖ ਇਲਾਕਿਆਂ ਵਿਚ ੨੨ ਮੰਜੀਆਂ ਸਥਾਪਤ ਕੀਤੀਆਂ। ਪਾਣੀ ਦੀ ਥੁੜ ਦੂਰ ਕਰਨ ਲਈ ਬਾਉਲੀਆਂ ਬਣਵਾਈਆਂ। ਸਤੀ ਦੀ ਰਸਮ ਵਿਰੁਧ ਲਹਿਰ ਚਲਾਈ।

ਚੌਥੇ ਗੁਰੂ-ਪੀਰ ਨੇ ਗੁਰਬਾਣੀ ਦੁਆਰਾ ਗੁਰੂ ਘਰ ਦੇ ਵਿਰੋਧੀਆਂ ਤੇ ਨਿੰਦਕਾਂ ਦੀ ਖ਼ੂਬ ਖੁੰਬ ਠੱਪੀ। ਗਉੜੀ ਕੀ ਵਾਰ ਵਿਚੋਂ ਵੰਨਗੀ ਮਾਤ੍ਰ ਕੇਵਲ ਇਕ ਉਦਾਹਰਣ ਥਲੇ ਦਿੱਤੀ ਜਾਂਦੀ ਹੈ—

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥
ਕੂਕ ਪਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥
ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥
ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ ॥ ..੧॥੧੯॥ (ਪੰ: ੩੦੯)

ਸਿੱਖੀ ਦਾ ਕੇਂਦਰ ਕਾਇਮ ਕਰਨ ਲਈ ਵੱਖ ਵੱਖ ਕਿੱਤਿਆਂ ਅਤੇ ਜਾਤਾਂ ਦੇ ਲੋਕਾਂ ਨੂੰ ਲਿਆ ਕੇ ਗੁਰੂ ਕਾ ਚੱਕ (ਅੰਮ੍ਰਿਤਸਰ) ਸ਼ਹਿਰ ਵਸਾਇਆ।

ਪੰਜਵੇਂ ਜਾਮੇ ਵਿਚ ਗੁਰੂ-ਪੀਰ ਨੇ ਆਪਣੇ ਸਿੱਖ-ਪੁਤਰਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਰੂਪ ਵਿਚ ਧਰਮ-ਕੇਂਦਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਧਰਮ-ਗ੍ਰੰਥ ਦੇ ਕੇ ਸੰਗਠਤ ਕੀਤਾ। ਧਰਮ-ਕੇਂਦਰ ਦੇ ਚਹੁਆਂ ਦਿਸ਼ਾਂ ਵਿਚ ਚਾਰ ਦਰਵਾਜ਼ੇ ਰਖ ਕੇ ਸਾਰੇ ਵਰਨਾਂ ਲਈ ਖੁਲ੍ਹਾ ਰਖਿਆ। ਧਰਮ ਗ੍ਰੰਥ ਵਿਚ ਅਖੌਤੀ ਨੀਵੀਂ ਜਾਤਾਂ ਦੇ ਆਤਮ-ਦਰਸੀ ਭਗਤਾਂ ਦੀ ਬਾਣੀ ਦਰਜ ਕਰ ਕੇ ਸੰਸਾਰ ਦੇ ਧਾਰਮਕ ਇਤਿਹਾਸ ਵਿਚ ਇਨਕਲਾਬ ਲਿਆਂਦਾ। ਉਚੇ ਨੀਵੇਂ ਸਾਰਿਆਂ ਨੂੰ ਗਲੇ ਲਾਉਣ[੩੦] ਦੇ ਵਤੀਰੇ ਕਾਰਨ ਗੁਰੂ ਘਰੁ ਏਨਾ ਲੋਕ-ਪ੍ਰਿਅ ਹੋ ਗਿਆ ਕਿ ਬਹੁਤ ਸਾਰੇ ਲੋਕ ਸਿੱਖ ਧਰਮ ਵਲ ਪ੍ਰੇਰਤ ਹੋ ਗਏ।

ਗੁਰੂ ਘਰ ਦੀ ਜੈ ਜੈਕਾਰ ਹੁੰਦੀ ਦੇਖ ਕੇ ਵੇਲੇ ਦੀ ਜ਼ਾਲਮ ਹਕੂਮਤ ਦੇ ਪਾਪ ਕੰਬ ਉਠੇ। ਨਿਰਭਉ ਨਿਰਵੈਰ ਸਿੱਖ ਜਥੇਬੰਦੀ ਨੂੰ ਹਕੂਮਤ ਆਪਣੇ ਰਾਜ ਲਈ ਖ਼ਤਰਾ ਸਮਝਦੀ ਸੀ। ਆਨਾ ਬਹਾਨਾ ਬਣਾ ਕੇ ਪੰਜਵੇਂ ਗੁਰੂ-ਪੀਰ ਨੂੰ ਕੈਦ ਕਰ ਲਿਆ। ਧਰਮ ਗ੍ਰੰਥ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਤਿ ਦਰਜ ਕਰਨ ਅਥਵਾ ਜੁਰਮਾਨਾ ਦੇਣ ਦੀ ਜਾਂ ਮੌਤ ਕਬੂਲ ਕਰਨ ਦੀ ਸ਼ਰਤ ਰਖੀ। ਨਿਰਭਉ ਨਿਰਵੈਰ ਗੁਰੂ-ਪੀਰ ਨੇ ਜ਼ਾਲਮ ਸਰਕਾਰ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਧਰਮ ਦੀ ਖ਼ਾਤਰ ਕੁਰਬਾਨੀ ਦਾ ਰਾਹ ਚੁਣਿਆ। ਜ਼ਾਲਮ ਹਕੂਮਤ ਨੇ ਗੁਰੂ-ਪੀਰ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ।

**(ਅ) ਮੀਰੀ ਦਾ ਮੋੜ-ਸ਼ਸਤਰ-ਬੱਧ ਸੰਘਰਸ਼ :**

ਪੰਜਵੇਂ ਗੁਰੂ-ਪੀਰ ਦੀ ਸ਼ਹਾਦਤ ਮਗਰੋਂ ਸਿੱਖ-ਮੀਰੀ ਨੇ ਮੋੜ ਕਟਿਆ। ਪੰਜ ਜਾਮਿਆਂ ਤਕ ਸਿਖ-ਮੀਰੀ ਨੇ ਸੁਲਹਕੁਲ ਅਤੇ ਸ਼ਾਂਤਮਈ ਢੰਗ ਨਾਲ ਧਰਮ ਦਾ ਪਰਸਾਰ ਕੀਤਾ ਅਤੇ ਜ਼ੁਲਮ ਨੂੰ ਠਲ੍ਹ ਪਾਣ ਦਾ ਉਪਰਾਲਾ ਕੀਤਾ। ਹੁਣ ਜ਼ੁਲਮ ਦੀ ਅਤਿ ਹੋਈ ਵੇਖ ਕੇ ਛੇਵੇਂ ਗੁਰੂ-ਪੀਰ ਨੇ ਧਰਮ ਦੀ ਰਖਿਆ ਕਰਨ ਲਈ 'ਮੀਰੀ' ਨੂੰ ਸ਼ਸਤਰ ਬੱਧ ਰੂਪ ਦੇ ਦਿੱਤਾ। 'ਪੀਰੀ', 'ਮੀਰੀ' ਦੀਆਂ ਦੋ ਤਲਵਾਰਾਂ ਸਰੀਰ ਨਾਲ ਧਾਰਨ ਕੀਤੀਆਂ।

'ਪੀਰੀ' ਦੀ ਤਲਵਾਰ ਅੰਦਰਲੀ (ਪਿੰਡ ਵਿਚਲੀ) ਬਦੀ ਦੇ ਟਾਕਰੇ ਤੇ 'ਗਿਆਨ ਖੜਗ' ਦੀ ਪ੍ਰਤੀਕ ਸੀ ਅਤੇ 'ਮੀਰੀ' ਦੀ ਤਲਵਾਰ ਬਾਹਰਲੇ (ਬ੍ਰਹਿਮੰਡ ਵਿਚਲੇ) ਜ਼ੋਰ ਜ਼ੁਲਮ ਅਤੇ ਅਨਿਆਂ ਦੇ ਟਾਕਰੇ ਲਈ

੩੦. ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦, ੨੪ (੭੨)



www.AKJ.Org

ਸ਼ਸਤਰ-ਬੱਧ ਸੰਘਰਸ਼ ਦੀ ਪ੍ਰਤੀਕ ਸੀ। ਜ਼ੁਲਮ ਵਿਰੁਧ ਸੰਘਰਸ਼ ਲਈ ਗੁਰੂ-ਪੀਰ ਨੇ ਆਪਣੇ ਸਿੱਖ-ਪੁਤਰਾਂ ਨੂੰ ਵੀ ਸ਼ਸਤਰ ਧਾਰਨ ਕਰਨ ਅਤੇ ਘੋੜ-ਸਵਾਰੀ ਕਰਨ ਦਾ ਹੁਕਮ ਕੀਤਾ।

ਜੀਵਨ ਦੇ ਹਰ ਖੇਤਰ ਵਿਚ ਕੌਮ ਦੀ ਅਗਵਾਈ ਕਰਨ ਲਈ ਦਿੱਲੀ ਤਖ਼ਤ ਦੇ ਟਾਕਰੇ ਤੇ ਉਸ ਤੋਂ ਉਚੇ ਪੱਧਰ ਤੇ ਤਖ਼ਤ ਦੀ ਉਸਾਰੀ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਆਪ ਕੀਤੀ, ਕੋਈ ਰਾਜ ਮਜ਼ਦੂਰ ਨ ਲਾਇਆ। ਇਹ ਪਾਵਨ ਤਖ਼ਤ ਧਰਮ-ਧੁਜਾ, ਅਕਾਲ ਪੁਰਖ ਨੂੰ ਸਮਰਪਤ ਕਰ ਕੇ ਇਸ ਦਾ ਨਾਂ ਸ੍ਰੀ ਅਕਾਲ ਬੁੰਗਾ ਅਥਵਾ ਸ੍ਰੀ ਅਕਾਲ ਤਖ਼ਤ ਰਖਿਆ। ਏਥੇ ਲੌਢੇ ਪਹਿਰ ਜੋਧਿਆਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਅਤੇ ਜੋਧਿਆਂ ਦੀ ਬਹਾਦਰੀ ਦੀ ਪਰਦਰਸ਼ਨੀ ਕੀਤੀ ਜਾਂਦੀ।

ਗੁਰੂ-ਪੀਰ ਦੀ ਅਗਵਾਈ ਵਿਚ ਨਿਰਭਉ, ਨਿਰਵੈਰ, ਸ਼ਸਤਰ-ਬੱਧ, ਸਿੱਖ ਜਥੇਬੰਦੀ ਨੇ ਜ਼ੁਲਮ ਨੂੰ ਠਲ੍ਹ ਪਾਉਣ ਲਈ ਜ਼ਾਲਮ ਦੇ ਬਾਜ ਅਤੇ ਤਾਜ ਨੂੰ ਜਾ ਵੰਗਾਰਿਆ। ਸਿੱਖੀ ਲਹਿਰ ਨੂੰ ਕੁਚਲਣ ਲਈ ਜ਼ਾਲਮ ਹਕੂਮਤ ਨੇ ਚਾਰ ਵਾਰੀ ਗੁਰੂ-ਘਰ ਤੇ ਹਮਲਾ ਕੀਤਾ, ਪਰ ਗੁਰੂ ਕੇ ਨਿਰਭਉ ਨਿਰਵੈਰ ਜੋਧਿਆਂ ਨੇ ਹਰ ਵਾਰੀ ਜ਼ਾਲਮ ਨੂੰ ਪਛਾੜ ਦਿੱਤਾ।

ਸਿੱਖੀ ਦੇ ਆਰੰਭ ਕਾਲ ਤੋਂ 'ਮੂਰਖ ਗੰਢੁ ਪਵੈ ਮੁਹਿ ਮਾਰ' ਦਾ ਸਿਧਾਂਤ ਅਪਣਾਇਆ ਗਿਆ। ਜ਼ਾਲਮ ਨੂੰ ਸੁਮੱਤਿ ਦੇਣ ਲਈ ਆਰੰਭ ਵਿਚ ਵਿਚਾਰ ਦੇ ਸ਼ਸਤਰ ਦਾ ਪ੍ਰਯੋਗ ਕੀਤਾ। ਜਦੋਂ ਸੁਲਹਕੁਲ ਸਾਰੇ ਹੀਲੇ ਕਾਰਗਰ ਨਾ ਹੋ ਸਕੇ, ਫਿਰ ਤਲਵਾਰ ਹੱਥ ਵਿਚ ਫੜ ਲਈ। ਨਿਸ਼ਾਨਾ ਨਹੀਂ ਬਦਲਿਆ, ਪ੍ਰਚਲਿਤ ਸ਼ਾਂਤ-ਮਈ ਸਾਧਨ ਦੇ ਨਾਲ ਨਾਲ ਇਕ ਹੋਰ ਸਾਧਨ (ਸ਼ਸਤਰ-ਬੱਧ ਸੰਘਰਸ਼) ਜੁਟਾ ਲਿਆ ਗਿਆ। ਸਤਵੇਂ ਅਤੇ ਅਠਵੇਂ ਜਾਮੇ ਵਿਚ ਨਿਰਭਉ ਨਿਰਵੈਰ ਹੋ ਕੇ ਜ਼ਾਲਮ ਅਤੇ ਜ਼ੁਲਮ ਨਾਲ ਨਾ-ਮਿਲਵਰਤਣ ਕੀਤੀ। ਸ਼ਸਤਰ-ਬੱਧ ਘੋੜ-ਸਵਾਰ ਰਖੇ, ਪਰ ਵਰਤੋਂ ਦੀ ਲੋੜ ਨਾ ਪਈ। **ਹਵਸ-ਅਧੀਨ ਕਿਸੇ ਤੇ ਆਕਰਮਣ ਕਰਨਾ ਸਿੱਖੀ ਦਾ ਕਰਤੱਵ ਕਦੀ ਵੀ ਨਹੀਂ ਰਿਹਾ।**

ਨਾਵੇਂ ਜਾਮੇ ਵਿਚ ਗੁਰੂ-ਪੀਰ ਨੇ ਜ਼ਾਲਮ ਰਾਜ ਦੇ ਸਤਾਏ ਹਿੰਦੂਆਂ ਦੀ ਬਾਂਹ ਫੜੀ ਤੇ ਉਹਨਾਂ ਦੇ ਧਰਮ ਦੀ ਰੱਖਿਆ ਕਰਨ ਦਾ ਬੀੜਾ ਚੁਕਿਆ। ਗੁਰੂ-ਪੀਰ ਨੂੰ ਗ੍ਰਿਫਤਾਰ ਕਰ ਕੇ ਇਸਲਾਮ ਜਾਂ ਮੌਤ ਦੋਹਾਂ ਵਿਚੋਂ ਇਕ ਕਬੂਲ ਕਰਨ ਲਈ ਕਿਹਾ ਗਿਆ। ਗੁਰ-ਪੀਰ ਨੇ ਕੁਰਬਾਨੀ ਦਾ ਰਾਹ ਚੁਣਿਆ ਤੇ ਅਦੁਤੀ ਸ਼ਹਾਦਤ ਦਿੱਤੀ। ਹੋਰ ਵੀ ਕਈ ਸਿੱਖ ਸ਼ਹੀਦ ਕਰ ਦਿੱਤੇ ਗਏ।

ਦਸਵੇਂ ਗੁਰੂ-ਪੀਰ ਨੇ ਨੌਵੇਂ ਗੁਰੂ-ਪੀਰ ਦੀ ਸ਼ਹੀਦੀ ਦੀ ਗਾਥਾ ਸੁਣ ਕੇ ਪਾਪ ਤੇ ਜ਼ੁਲਮ ਵਿਰੁਧ ਖੁਲ੍ਹਮ ਖੁਲ੍ਹਾ ਤੇ ਨਿਰੰਤਰ ਸ਼ਸਤਰ-ਬੱਧ ਸੰਘਰਸ਼ ਦਾ ਐਲਾਨ ਕੀਤਾ। ਗੁਰੂ-ਪੀਰ ਨੇ ਆਪਣਾ ਜੀਵਨ-ਮਿਸ਼ਨ ਸਪੱਸ਼ਟ ਸ਼ਬਦਾਂ ਵਿਚ ਪਰਗਟ ਕੀਤਾ :

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

(ਬਚਿਤ੍ਰ ਨਾਟਕ, ਅਧਿ: ੬)

ਨੋਟ : ਉਪਰੋਕਤ ਗੁਰ-ਵਾਕ ਤੋਂ ਕਿਸੇ ਕਿਸਮ ਦੇ ਸ਼ੰਕੇ ਦੀ ਗੁੰਜਾਇਸ਼ ਬਾਕੀ ਨਹੀਂ ਰਹਿੰਦੀ ਕਿ 'ਸੰਤ ਉਬਾਰਨ' ਅਤੇ 'ਦੁਸਟ ਦੋਖੀਅਨ ਪਕਰਿ ਪਛਾਰਨ' ਦੀ ਕਿਰਿਆ ਧਰਮ ਦਾ ਹੀ ਅੰਗ ਹੈ, ਭਾਵੇਂ ਇਸ ਨੂੰ ਧਰਮ ਦਾ 'ਮੀਰੀ ਪੱਖ' ਆਖ ਲਿਆ ਜਾਵੇ।

ਉਪਰੋਕਤ ਮਿਸ਼ਨ ਦੀ ਪੂਰਤੀ ਲਈ ਗੁਰੂ-ਪੀਰ ਨੇ ਆਪਣੇ ਸਿੱਖ-ਪੁਤਰਾਂ ਨੂੰ ਖੰਡੇ ਦੀ ਪਾਹੁਲ ਦੇ ਕੇ



www.AKJ.Org

ਖਾਲਸਾ ਸਜਾ ਦਿਤਾ। ਬਾਰ ਬਾਰ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ' ਦੀ ਗੁੜ੍ਹਤੀ ਦੇ ਕੇ ਖਾਲਸੇ ਦੇ ਰਗੋ-ਰੇਸ਼ੇ ਵਿਚ ਫਤਿਹ ਦਾ ਜਜ਼ਬਾ ਭਰ ਦਿੱਤਾ। ਖਾਲਸੇ ਨੂੰ 'ਅਕਾਲ ਪੁਰਖ ਕੀ ਫੌਜ' ਦਾ ਰੁਤਬਾ ਦਿੱਤਾ ਅਤੇ ਕ੍ਰਿਪਾਨਧਾਰੀ ਹੋਣਾ ਖਾਲਸਾ ਰਹਿਤ ਦਾ ਜ਼ਰੂਰੀ ਅੰਗ ਬਣਾ ਦਿੱਤਾ। 'ਪੀਰੀ' 'ਮੀਰੀ' ਦੀਆਂ ਰਵਾਇਤੀ ਦੋ ਤਲਵਾਰਾਂ ਦੀਆਂ ਪਿੱਠਾਂ ਜੋੜ ਕੇ ਬਣਾਏ ਖੰਡੇ ਨਾਲ ਅੰਮ੍ਰਿਤ ਤਿਆਰ ਕੀਤਾ। ਏਸ ਤਰ੍ਹਾਂ ਚਿੰਨ੍ਹਾਤਮਿਕ ਵਿਧੀ ਨਾਲ ਧਰਮ ਦਾ ਗੁੜ੍ਹ ਰਹੱਸ ਆਪਣੇ ਖਾਲਸੇ ਨੂੰ ਦ੍ਰਿੜ੍ਹ ਕਰਾਇਆ ਕਿ ਧਰਮ ਨਿਬਾਹੁਣ ਲਈ ਇਕ ਪਾਸੇ ਅੰਤਰ-ਆਤਮੇ 'ਗਿਆਨ ਖੜਗ' ਖੜਕਾਉਣਾ ਲਾਜ਼ਮੀ ਹੈ ਤਾਂ ਜੁ ਅੰਦਰੋਂ ਪਾਪਾਂ ਵਿਕਾਰਾਂ ਦਾ ਨਾਸ ਹੋਣ ਨਾਲ ਮਨ ਨਿਰਭਉ ਨਿਰਵੈਰ ਹੋ ਜਾਵੇ ਅਤੇ ਦੂਜੇ ਪਾਸੇ ਬਾਹਰੋਂ ਜ਼ੁਲਮ ਜ਼ਬਰ ਦੇ ਵਿਨਾਸ਼ ਲਈ ਬਾਹਰਲੇ ਸ਼ਸਤਰ ਅਸਤਰ ਵਾਹੁਣਾ ਵੀ ਓਨਾ ਹੀ ਜ਼ਰੂਰੀ ਹੈ। ਇਸ ਸੰਘਰਸ਼ ਨੂੰ ਧਰਮ-ਜੁਧ ਦਾ ਨਾਂ ਦਿੱਤਾ ਗਿਆ। ਗੁਰੂ-ਪੀਰ ਨੂੰ ਅਤੇ ਗੁਰੂ ਕੇ ਖਾਲਸੇ ਨੂੰ ਹਰ ਦਮ ਧਰਮ-ਜੁਧ ਵਿਚ ਜੂਝਣ ਦਾ ਚਾਅ ਚੜ੍ਹਿਆ ਰਹਿੰਦਾ। ਹਰ ਰੋਜ਼ "ਸੁਭ ਕਰਮਨ ਤੇ ਕਬਹੂ ਨ ਟਰੋਂ", 'ਅਰਿ ਸਿਉ ਜਬ ਜਾਇ ਲਰੋਂ' 'ਨਿਸਚੈ ਕਰਿ ਅਪਨੀ ਜੀਤ ਕਰੋਂ' 'ਅਤਿ ਹੀ ਰਣ ਮਹਿ ਤਬ ਜੂਝ ਮਰੋਂ'[੩੧] ਦੇ ਨਗ਼ਮੇ ਗਾਏ ਜਾਣ ਲਗੇ। ਜੁਧ ਲਈ ਰਣਜੀਤ ਨਗਾਰਾ ਬਣਵਾਇਆ। ਗੁਰਬਾਣੀ ਕੀਰਤਨ ਦੇ ਨਾਲ ਨਾਲ 'ਦੇਗ ਤੇਗ ਫਤਿਹ', 'ਜੈ ਤੇਗੰ', 'ਸਤਿ ਸ੍ਰੀ ਅਕਾਲ' ਦੇ ਜੰਗੀ ਨਾਹਰੇ ਫ਼ਿਜ਼ਾ ਵਿਚ ਗੂੰਜਣ ਲਗੇ।

ਖੰਡੇ ਦੀ ਧਾਰ 'ਚੋਂ ਖਾਲਸਾ ਪਰਗਟ ਕਰ ਕੇ ਗੁਰੂ-ਪੀਰ ਨੇ ਇਹ ਰਹੱਸ ਸਮਝਾਇਆ ਕਿ 'ਗੁਰ-ਸ਼ਬਦ' (ਗਿਆਨ ਖੜਗ) ਦੁਆਰਾ ਆਪਾ-ਭਾਵ ਤੋਂ ਮਰ ਕੇ ਆਤਮਕ ਤੌਰ ਤੇ ਜੀਅ ਉਠਿਆ ਖਾਲਸਾ ਫਿਰ ਮਰਦਾ ਨਹੀਂ[੩੨], ਸਗੋਂ ਗੁਰ-ਸ਼ਬਦ ਵਿਚ ਹੀ ਸਮਾ ਜਾਂਦਾ ਹੈ। ਧਰਮ-ਜੁਧ ਵਿਚ ਕੁਰਬਾਨ ਹੋਣਾ 'ਮੌਤ' ਨਹੀਂ, ਸਗੋਂ 'ਸ਼ਹੀਦੀ' ਹੈ, ਜੋ ਭਾਗਾਂ ਵਾਲੇ ਮਨੁੱਖਾਂ ਦੇ ਹਿੱਸੇ ਆਉਂਦੀ ਹੈ।

ਖਾਲਸੇ ਨੇ ਕਿਲ੍ਹਾ ਅਨੰਦਗੜ੍ਹ, ਚਮਕੌਰ ਦੀ ਗੜ੍ਹੀ ਅਤੇ ਖਿਦਰਾਣੇ ਦੀ ਢਾਬ ਉਤੇ ਹੋਏ ਧਰਮ-ਜੁਧ ਵਿਚ ਹਸੂੰ ਹਸੂੰ ਕਰਦਿਆਂ ਸ਼ਹਾਦਤ ਦਾ ਜਾਮ ਪੀਤਾ ਤੇ ਧਰਮ ਦੀ ਧੁਜਾ ਨੂੰ ਫ਼ਿਜ਼ਾ ਵਿਚ ਲਹਿਰਾਇਆ।

**ਗੁਰੂ-ਕਾਲ ਤੋਂ ਮਗਰੋਂ ਦਾ 'ਪੀਰੀ'-'ਮੀਰੀ' ਦਾ ਇਤਿਹਾਸ :**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ 'ਖਾਲਸਾ ਪੰਥ' 'ਪੀਰੀ' 'ਮੀਰੀ' ਦਾ ਵਾਰਸ ਬਣਿਆ। ਅਠਾਰਵੀਂ ਸਦੀ ਦੇ ਬਿਖੜੇ ਸਮੇਂ ਵਿਚ ਖਾਲਸਾ ਪੰਥ ਨੇ 'ਅਧਿਆਤਮਕ ਅਗਵਾਈ' ਅਤੇ 'ਵਿਵਹਾਰਕ ਅਗਵਾਈ' ਅਥਵਾ 'ਪੀਰੀ' 'ਮੀਰੀ' ਦੀਆਂ ਬੇਮਿਸਾਲ ਰਵਾਇਤਾਂ ਕਾਇਮ ਕੀਤੀਆਂ। ਜੰਗਲਾਂ ਬੇਲਿਆਂ ਵਿਚ ਭੁਖੇ ਭਾਣੇ ਫਿਰ ਕੇ ਸਿੱਖੀ ਸਿਦਕ ਨਿਬਾਹਿਆ। ਜ਼ਾਲਮ ਹਕੂਮਤ ਖਾਲਸੇ ਦਾ ਖੁਰਾ ਖੋਜ ਮਿਟਾਉਣ ਤੇ ਤੁਲ ਗਈ। ਪੱਤਾ ਪੱਤਾ ਸਿੰਘਾਂ ਦਾ ਵੈਰੀ ਸੀ ਤੇ ਉਹਨਾਂ ਦਾ ਜੰਗਲੀ ਜਾਨਵਰਾਂ ਵਾਂਗ ਸ਼ਿਕਾਰ ਕੀਤਾ ਜਾਂਦਾ ਸੀ। ਖ਼ਾਲਸਾ ਚੜ੍ਹਦੀ ਕਲਾ ਵਿਚ ਰਿਹਾ। ਜਰਵਾਣੇ ਦੀ ਈਨ ਨਹੀਂ ਮੰਨੀ, ਸਗੋਂ ਧਰਮ-ਜੁਧ ਵਿਚ ਡਟਿਆ ਰਿਹਾ। ੧੭੩੩ ਈ. ਵਿਚ ਮੁਗ਼ਲ ਸਰਕਾਰ ਨੇ ਸਿੰਘਾਂ ਤੋਂ ਪਿਛਾ ਛੁਡਾਉਣ ਲਈ ਨਵਾਬੀ ਪੇਸ਼ ਕੀਤੀ। ਗੁਰੂ ਬਖ਼ਸ਼ੀ 'ਪੀਰੀ' 'ਮੀਰੀ' ਦੇ ਸਰੂਰ ਵਿਚ ਮਸਤ ਗੁਰੂ ਕੇ

---

੩੧. ਦੇਹ ਸ਼ਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ ॥ ਨ ਡਰੋਂ ਅਰਿ ਸਿਉ ਜਬ ਜਾਇ ਲਰੋਂ, ਨਿਸਚੈ ਕਰਿ ਅਪਨੀ ਜੀਤ ਕਰੋਂ ॥ ਅਰ ਸਿੱਖ ਹੋਂ ਆਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ ॥ ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ ॥੨੩੧॥

(ਚੰਡੀ ਚਰਿਤ੍ਰ ਉਕਤ ਬਿਲਾਸ)

੩੨. ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ ਫਿਰਿ ਬਹੁੜਿ ਮਰਣੁ ਨ ਹੋਈ ॥ ਹਰਿ ਹਰਿ ਨਾਮੁ ਅਮਰ ਪਦੁ ਪਾਇਆ ਹਰਿ ਨਾਮਿ ਸਮਾਵੈ ਸੋਈ ॥ ੪,੧੩ (ਪੰਨਾ ੪੩੭)



www.AKJ.Org

ਤਿਆਗੀ ਬੈਰਾਗੀ ਸਿੰਘਾਂ ਵਿਚੋਂ ਕੋਈ ਨਵਾਬੀ ਕਬੂਲਣ ਲਈ[33] ਰਜ਼ਾਮੰਦ ਨ ਹੋਇਆ। ਅਖ਼ੀਰ ਗੁਰਮਤਾ ਕਰ ਕੇ ਇਹ ਨਵਾਬੀ ਖਾਲਸੇ ਦੇ ਘੋੜਿਆਂ ਦੀ ਲਿੱਦ ਢੋਣ ਵਾਲੇ ਸੇਵਾ ਦੇ ਪੁੰਜ ਕਪੂਰ ਸਿੰਘ ਨੂੰ, ਜੋ ਉਸ ਸਮੇਂ ਸੰਗਤਿ ਵਿਚ ਪੱਖੇ ਦੀ ਸੇਵਾ ਕਰ ਰਿਹਾ ਸੀ, ਦਿੱਤੀ ਗਈ। ਨਵਾਬ ਕਪੂਰ ਸਿੰਘ ਨੇ ਜੀਵਨ ਪ੍ਰਯੰਤ ਇਕ ਪਾਸੇ ਅੰਮ੍ਰਿਤ-ਸਿੰਚਾਰ ਖੇਤਰ ਵਿਚ ਅਤੇ ਦੂਜੇ ਪਾਸੇ ਧਰਮ-ਜੁਧ ਵਿਚ ਖ਼ੂਬ ਖੰਡਾ ਖੜਕਾਇਆ। ਖ਼ਾਲਸੇ ਨੂੰ ਜਥੇਬੰਦ ਕੀਤਾ। ਸਾਲ ਵਿਚ ਦੋ ਵਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ 'ਸਰਬੱਤ ਖ਼ਾਲਸਾ' ਇਕੱਤ੍ਰ ਕਰ ਕੇ ਦਰਪੇਸ਼ ਸਮੱਸਿਆਵਾਂ ਬਾਰੇ ਗੁਰਮਤਾ[34] ਕਰਨ ਦੀ ਪ੍ਰਥਾ ਕਾਇਮ ਕੀਤੀ, ਜੋ ਸਿੱਖ ਮਿਸਲਾਂ ਦੇ ਸਮੇਂ ਤੋੜੀ ਜਾਰੀ ਰਹੀ।

ਬਿਪਤ ਕਾਲ ਵਿਚ ਖਾਲਸੇ ਦੀ ਚੜ੍ਹਦੀ-ਕਲਾ ਬਾਰੇ ਮੁਹੰਮਦ ਲਤੀਫ, 'ਪੰਜਾਬ ਦਾ ਇਤਿਹਾਸ' ਵਿਚ ਲਿਖਦਾ ਹੈ :

> ਇਸ ਜੰਗਜੂ ਕੌਮ ਦੀ ਬਹਾਦਰੀ ਦੇ ਕਾਰਨਾਮਿਆਂ ਨਾਲ ਇਤਿਹਾਸ ਦੇ ਪੰਨੇ ਚਮਕਦੇ ਹਨ। ਇਸ ਕੌਮ ਦੇ ਆਗੂਆਂ ਨੇ ਵਧ ਤੋਂ ਵਧ ਜ਼ਬਰ ਸਹਿੰਦਿਆਂ ਜੋ ਸਿਦਕ, ਦੇਸ਼ ਭਗਤੀ ਅਤੇ ਦ੍ਰਿੜ੍ਹਤਾ ਦੀਆਂ ਮਿਸਾਲਾਂ ਪੇਸ਼ ਕੀਤੀਆਂ, ਉਹ ਕਿਸੇ ਵੀ ਹੋਰ ਕੌਮ ਦੇ ਇਤਿਹਾਸ ਵਿਚ ਨਹੀਂ ਮਿਲਦੀਆਂ। (ਪੰ: ੬੨੯)

ਇਸ ਸਮੇਂ ਵਿਚਕਾਰ ਜਦੋਂ ਜਦੋਂ 'ਸਿੱਖ ਮੀਰੀ' 'ਪੀਰੀ' ਦੇ ਗੁਣਾਂ ਤੋਂ ਕੁਝ ਅਵੇਸਲੀ ਹੋਈ ਤਦੋਂ ਕੁਝ ਸਮੱਸਿਆਵਾਂ ਖੜੀਆਂ ਹੁੰਦੀਆਂ ਰਹੀਆਂ, ਪਰ ਪੀਰੀ ਮੀਰੀ ਦੇ ਗੁਣਾਂ ਵਿਚ ਨਿਪੁੰਨ ਆਗੂਆਂ ਦੀ ਸੁਚੱਜੀ ਅਗਵਾਈ ਵਿਚ ਇਹਨਾਂ ਨੂੰ ਸਮੇਂ ਸਿਰ ਨਜਿੱਠ ਲਿਆ ਜਾਂਦਾ ਰਿਹਾ।

### ਮਹਾਰਾਜਾ ਰਣਜੀਤ ਸਿੰਘ ਦਾ ਸਮਾਂ :

ਮਹਾਰਾਜਾ ਰਣਜੀਤ ਸਿੰਘ ਦਾ ਇਕ-ਪੁਰਖਾ ਰਾਜ ਸੀ। ਮਹਾਰਾਜਾ ਚੂੰਕਿ ਸਿੱਖ ਸੀ, ਇਸ ਲਈ ਉਸ ਦੇ ਰਾਜ ਨੂੰ ਸਿੱਖ-ਰਾਜ ਵੀ ਆਖਿਆ ਜਾਂਦਾ ਹੈ, ਪਰ ਇਹ ਧਰਮ-ਨਿਰਪੇਖ ਰਾਜ ਸੀ। ਨਿੱਜੀ ਤੌਰ ਤੇ ਮਹਾਰਾਜੇ ਵਿਚ ਸੂਰਬੀਰਤਾ, ਸਿਆਣਪ, ਸਮਦਰਸਤਾ, ਉਦਾਰਤਾ ਅਤੇ ਸਾਊਪੁਣਾ ਆਦਿ ਕਈ ਗੁਣ ਸਨ। ਉਸ ਨੇ ਇਤਿਹਾਸਕ ਗੁਰਦੁਆਰਿਆਂ, ਮੰਦਰਾਂ, ਮਸੀਤਾਂ ਦੇ ਨਾਂ ਵਡੀਆਂ ਵਡੀਆਂ ਜਾਗੀਰਾਂ ਲਵਾਈਆਂ, ਸ੍ਰੀ ਹਰਿਮੰਦਰ ਸਾਹਿਬ ਤੇ ਸੋਨਾ ਚੜ੍ਹਾਇਆ। ਉਸ ਦੇ ਸਮੇਂ ਧਰਮ-ਨਿਰਪੱਖਤਾ ਦੇ ਕਾਰਨ ਸਾਰੀ ਪਰਜਾ ਸੁਖੀ ਸੀ।

ਬੇਅੰਤ ਸਿਫ਼ਤਾਂ ਦੇ ਨਾਲ ਨਾਲ ਰਣਜੀਤ ਸਿੰਘ ਮਹਾਰਾਜਿਆਂ ਵਾਲੀਆਂ ਕਈ ਨਿਜੀ ਕਮਜ਼ੋਰੀਆਂ ਵਿਚ ਵੀ ਗ੍ਰਸਤ ਸੀ ਜਿਸ ਵਜੋਂ ਉਸ ਨੂੰ ਸਿੱਖ-ਮੀਰੀ ਪੀਰੀ ਦੇ ਸਿਰਕੱਢ ਜਰਨੈਲ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਅਕਾਲੀ ਫੂਲਾ ਸਿੰਘ ਵਲੋਂ ਤਨਖਾਹ ਲਾਈ ਗਈ, ਜੋ ਮਹਾਰਾਜੇ ਨੇ ਬਗੈਰ ਹੀਲ ਹੁੱਜਤ ਦੇ ਪਰਵਾਨ ਕਰ ਕੇ ਸਿੱਖ-ਮੀਰੀ ਪੀਰੀ ਦੀ ਸਰਵੁਚਤਾ ਦਾ ਸਬੂਤ ਦਿਤਾ। ਨਿਜੀ ਕਮਜ਼ੋਰੀਆਂ ਦੇ ਬਾਵਜੂਦ ਮਹਾਰਾਜੇ ਦੇ ਝੋਲੀ-ਚੁੱਕ ਅਹਿਲਕਾਰ ਉਸ ਨੂੰ 'ਸਿੰਘ ਸਾਹਿਬ' ਕਰਕੇ ਬਿਆਨਦੇ ਸਨ, ਜਦ ਕਿ ਇਹ ਪਦ ਸਰਵੁਚ ਧਾਰਮਕ ਪਦ ਪਦਵੀਆਂ ਤੇ ਉਪਸਥਿਤ ਵਿਅਕਤੀਆਂ ਲਈ ਨਿਸਚਿਤ ਹੈ।

ਸਰਬੱਤ ਖਾਲਸੇ ਦੇ ਗੁਰਮਤੇ ਦੀ ਪੁਰਾਤਨ ਪ੍ਰਥਾ ਦਾ ਮਹਾਰਾਜੇ ਦੇ ਰਾਜ-ਕਾਲ ਵਿਚ ਭੰਗ ਪੈ ਗਿਆ।

ਮਹਾਰਾਜੇ ਦੇ ਅਕਾਲ ਚਲਾਣੇ ਮਗਰੋਂ ਸਿੱਖ-ਮੀਰੀ 'ਪੀਰੀ' ਦੇ ਗੁਣਾਂ ਤੋਂ ਬਿਲਕੁਲ ਸਖਣੀ ਹੋ ਗਈ। ਆਪਹੁਦਰੀ-ਸਿੱਖ-ਮੀਰੀ ਆਪਸ ਵਿਚ ਹੀ ਲੜ ਲੜ ਖੈ ਹੋ ਗਈ। 'ਸਿੱਖ-ਮੀਰੀ' 'ਪੀਰੀ' ਦੇ ਸਹੀ ਵਾਰਸ ਸ. ਸ਼ਾਮ ਸਿੰਘ ਵਰਗੇ ਸਿੱਖ ਜਰਨੈਲਾਂ ਨੇ ਰਾਜ ਦੀ ਰੱਖਿਆ ਅਤੇ ਕੌਮ ਦੀ ਮਹਾਨ ਸ਼ਾਨ ਬਹਾਲ ਕਰਨ ਲਈ ਪੂਰੀ ਵਾਹ ਲਾਈ, ਪਰ ਆਪਣ ਹੀ ਫ਼ੌਜੀ ਜਰਨੈਲਾਂ ਦੀ ਗੱਦਾਰੀ ਕਾਰਨ ਉਸ ਦੀ ਕੋਈ ਪੇਸ਼ ਨਾ ਜਾ ਸਕੀ।

---

੩੩. ਪਾਤਿਸ਼ਾਹੀ ਛਡ ਕਿਮ ਲਹੈਂ ਨਬਾਬੀ ॥ ਪਰਾਧੀਨ ਜਿਹ ਮਾਹਿ ਖ਼ਰਾਬੀ ॥੩੯॥ (ਭਾਈ ਰਤਨ ਸਿੰਘ ਜੀ ਭੰਗੂ)

੩੪. ਅਕਾਲ ਬੁੰਗੈ ਚੜ੍ਹ ਤਖਤੈ ਬਹਿ ਹੈਂ ॥ ਲਾਇ ਦੀਵਾਨ ਗੁਰਮਤੇ ਮਤੈ ਹੈਂ ॥ (ਭਾਈ ਰਤਨ ਸਿੰਘ ਜੀ ਭੰਗੂ)



www.AKJ.Org

'ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ' ਵਾਲੀ ਗੱਲ ਬਣੀ। ਪੰਜਾਬ ਉਤੇ ਅੰਗ੍ਰੇਜ਼ਾਂ ਦਾ ਕਬਜ਼ਾ ਹੋ ਗਿਆ।

**ਅੰਗ੍ਰੇਜ਼ਾਂ ਦੇ ਰਾਜ ਦਾ ਸਮਾਂ :**

ਸਿੱਖ ਰਾਜ, ਅਖੌਤੀ-ਸਿੱਖ-ਮੀਰਾਂ ਦੀ ਖ਼ੁਦਗਰਜ਼ੀ ਅਤੇ ਆਪਹੁਦਰੇਪਨ ਕਾਰਨ ਜਾਂਦਾ ਰਿਹਾ। ਸਮੁੱਚੀ ਕੌਮ ਵਿਚ ਸਿੱਖੀ ਜਜ਼ਬਾ ਓਵੇਂ ਜਿਵੇਂ ਕਾਇਮ ਸੀ। ਗੁਰਦੁਆਰਾ ਸੁਧਾਰ ਲਹਿਰ ਅਤੇ ਸਿੰਘ ਸਭਾ ਲਹਿਰ ਦੇ ਤੁਫ਼ੈਲ ਕੌਮ ਫੇਰ ਸੰਗਠਤ ਹੋ ਗਈ। ਧਰਮ ਦੀ ਖ਼ਾਤਰ ਕੁਰਬਾਨੀ ਦਾ ਜਜ਼ਬਾ ਫਿਰ ਉਭਰ ਆਇਆ। ਪੀਰੀ ਮੀਰੀ ਦੇ ਵਾਰਸਾਂ ਨੇ ਅੰਗ੍ਰੇਜ਼ ਸਰਕਾਰ ਵਿਰੁਧ ਕਈ ਸ਼ਾਂਤਮਈ ਮੋਰਚੇ ਲਾਏ, ਜਿਨ੍ਹਾਂ ਵਿਚ ਹਰ ਵਾਰੀ ਧਰਮ ਦੀ ਜੈ ਅਤੇ ਜ਼ੁਲਮ ਦੀ ਖੈ ਹੋਈ। ਸਿੰਘਾਂ ਦੀ ਬਹਾਦਰੀ ਅਤੇ ਕੁਰਬਾਨੀ ਦੀ ਧਾਂਕ ਬਝੀ।

ਸਮੁੱਚੀ ਕੌਮ ਦੇ ਸੰਗਠਨ ਸਦਕਾ ਧਰਮ-ਅਸਥਾਨਾਂ ਦਾ ਪ੍ਰਬੰਧ ਪੰਥ ਨੂੰ ਮਿਲ ਗਿਆ। ਕੌਮੀ ਸੰਘਰਸ਼ ਸਦਕਾ ਗੁਰਦੁਆਰਾ ਐਕਟ ੧੯੨੫ ਹੋਂਦ ਵਿਚ ਆ ਗਿਆ, ਜੋ ਕਈ ਖ਼ੂਬੀਆਂ ਦੇ ਨਾਲ ਨਾਲ, ਕਈ ਪੱਖਾਂ ਤੋਂ ਕੌਮ ਲਈ ਹਾਨੀਕਾਰਕ ਸਾਬਤ ਹੋਇਆ। ਅਜੇ ਇਸ ਕਾਨੂੰਨ ਦੀ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਕੌਮ ਧੜਿਆਂ ਵਿਚ ਵੰਡੀ ਗਈ। ਹਰ ਧੜਾ ਦੂਜੇ ਤੇ ਸਰਕਾਰੀਆ ਅਥਵਾ ਗ਼ੱਦਾਰ ਹੋਣ ਦਾ ਦੋਸ਼ ਅਰੋਪਣ ਲਗਾ। ਧੜੇਬੰਦੀ ਦਿਨੋ ਦਿਨ ਵਧਦੀ ਗਈ, ਜੋ ਐਸ ਵੇਲੇ ਪੂਰੇ ਜ਼ੋਰਾਂ ਤੇ ਹੈ, ਤੇ ਕੌਮ ਦੇ ਆਗੂ ਫੁਟ ਕਾਰਨ ਲੀਰੋ ਲੀਰ ਹਨ। ਦੂਜੇ ਪਾਸੇ ਇਸ ਐਕਟ ਦੀ ਆੜ ਵਿਚ ਸਰਕਾਰ ਨੂੰ ਅਸਿਧੇ ਤੌਰ ਤੇ ਗੁਰਦੁਆਰਾ ਪ੍ਰਬੰਧ ਅਥਵਾ ਸਿੱਖਾਂ ਦੇ ਕੌਮੀ ਮਸਲਿਆਂ ਵਿਚ ਦਖ਼ਲ ਦੇਣ ਦਾ ਮੌਕਾ ਮਿਲ ਗਿਆ। ਵੇਲੇ ਦੀ ਹਰੇਕ ਸਰਕਾਰ ਇਸ ਦਾ ਨਾਜਾਇਜ਼ ਫ਼ਾਇਦਾ ਉਠਾਉਂਦੀ ਚਲੀ ਆ ਰਹੀ ਹੈ। ਸਮੇਂ ਦੀ ਮੰਗ ਹੈ ਕਿ ਕੌਮ ਵਲੋਂ ਇਕ ਉਚ-ਪਧਰੀ ਕਮਿਸ਼ਨ ਕਾਇਮ ਕਰ ਕੇ ਗੁਰਦੁਆਰਾ ਐਕਟ ੧੯੨੫ ਅਧੀਨ ਬਣੀ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਕਾਰਗੁਜ਼ਾਰੀ ਦਾ ਲੇਖਾ ਜੋਖਾ ਕਰਵਾਇਆ ਜਾਵੇ ਅਤੇ ਐਕਟ ਵਿਚ ਜੋ ਹਾਨੀਕਾਰਕ ਅੰਸ਼ ਹਨ, ਉਹਨਾਂ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ ਜਾਵੇ।

**ਭਾਰਤ ਦੀ ਸੁਤੰਤਰਤਾ ਤੋਂ ਮਗਰਲਾ ਸਮਾਂ :**

'ਪੀਰੀ' 'ਮੀਰੀ' ਦਾ ਵਾਰਸ ਸ਼੍ਰੋਮਣੀ ਅਕਾਲੀ ਦਲ ਗੁਰਦੁਆਰਾ ਐਕਟ ੧੯੨੫ ਮਗਰੋਂ ਧੜੇਬੰਦੀ ਦਾ ਸ਼ਿਕਾਰ ਹੋਇਆ ਪਿਆ ਸੀ। ਆਜ਼ਾਦ ਭਾਰਤ ਵਿਚ ਵਿਧਾਨਕ ਚੋਣ-ਪ੍ਰਣਾਲੀ ਨੇ ਧੜੇਬੰਦੀ ਨੂੰ ਹੋਰ ਪ੍ਰਚੰਡ ਕੀਤਾ। ਵਿਧਾਨ ਸਭਾ ਦੀਆਂ ਮੈਂਬਰੀਆਂ ਅਤੇ ਵਜ਼ੀਰੀਆਂ ਦੀ ਭੁਖ, ਸਿੱਖ ਸਿਆਸਤਦਾਨਾਂ ਨੂੰ ਸ਼ੁਦਾਅ ਹੋ ਕੇ ਟਕਰ ਗਈ। ਤਿਆਗ ਦੇ ਪੁਤਲੇ ਅਤੇ ਕੁਰਬਾਨੀ ਦੇ ਪੁੰਜ ਸ਼੍ਰੋਮਣੀ ਅਕਾਲੀ ਦਲ ਨੂੰ ਆਪਹੁਦਰੀ-ਮੀਰੀ ਦਾ ਕੈਂਸਰ ਹੋ ਗਿਆ। ਮਰ-ਜੀਊੜਿਆਂ ਦੀ ਇਸ ਜਮਾਤ ਵਿਚ 'ਖਾਲਸਾ-ਪੀਰੀ' ਅਤੇ 'ਮੀਰੀ' ਸਭ ਕਾਫ਼ੂਰ ਹੋ ਗਈ। ਸਿੱਖ-ਸਿਆਸਤਦਾਨ ਵੋਟਾਂ ਲੈਣ ਵੇਲੇ ਪੰਥਕ ਪਾਰਟੀ ਦਾ ਵਾਸਤਾ ਪਾਉਂਦੇ ਹਨ, ਪਰ ਕੁਰਸੀ ਮਿਲਦਿਆਂ ਪੰਥ ਵਲੋਂ ਅੱਖਾਂ ਫੇਰ ਲੈਂਦੇ ਹਨ। ਸਿੱਖ ਸਿਆਸਤਦਾਨਾਂ ਦੀ ਆਪਣੀ ਸਰਕਾਰ ਵਲੋਂ ਕਈ ਵਾਰੀ ਖੁਲ੍ਹਮ ਖੁਲ੍ਹਾ ਪੰਥਕ ਪਰੰਪਰਾਵਾਂ ਦੀ ਉਲੰਘਣਾ ਕੀਤੀ ਗਈ। ਜਦੋਂ ਜਦੋਂ ਪੀਰੀ ਮੀਰੀ ਦੇ ਸਹੀ ਵਾਰਸ ਅਥਵਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਿੱਖ ਸਿਆਸਤਦਾਨਾਂ ਨੂੰ ਭਰਾ-ਮਾਰੂ ਨੀਤੀ ਤੋਂ ਵਰਜਿਆ ਗਿਆ, ਇਹਨਾਂ ਭਲੇਮਾਣਸਾਂ ਅਗੋਂ ਅੱਖਾਂ ਵਿਖਾਈਆਂ। ਕਈ ਆਪਹੁਦਰੇ ਸਿਆਸੀ ਆਗੂਆਂ ਨੇ ਸਿਆਸਤ ਵਿਚ ਧਰਮ ਦੇ ਦਖ਼ਲ ਨੂੰ ਬੇਲੋੜਾ ਅਤੇ ਅਨੁਚਿਤ ਦਸਿਆ। ਕਈਆਂ ਨੇ ਵਡੀ (ਦਿੱਲੀ) ਸਰਕਾਰ ਦੀ ਸ਼ਹਿ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਰੁਧ ਬਗ਼ਾਵਤ ਕਰਨ ਦੀ ਹਮਾਕਤ ਵੀ ਕੀਤੀ।

ਖ਼ੁਦਗਰਜ਼ੀ ਅਤੇ ਆਪਹੁਦਰੇ ਵਤੀਰੇ ਕਾਰਨ ਸ਼੍ਰੋਮਣੀ ਅਕਾਲੀ ਦਲ ਇਸ ਸਮੇਂ ਅਧੀ ਦਰਜਨ ਤੋਂ ਵਧ ਦਲਾਂ ਵਿਚ ਵੰਡਿਆ ਪਿਆ ਹੈ। ਹਰੇਕ ਦਲ ਦੂਜੇ ਦਲ ਵਿਰੁਧ ਗ਼ਦਾਰੀ ਦਾ ਦੋਸ਼ ਅਰੋਪਦਾ ਹੈ। ਸਿਆਸੀ ਆਗੂਆਂ ਦੀ ਪਰਸਪਰ ਫੁਟ ਦੇ ਕਾਰਨ ਕੌਮ ਦਾ ਭੜ ਮਾਰਿਆ ਗਿਆ ਹੈ। ਕੌਮ ਦੀ ਜਵਾਨ ਪੀੜ੍ਹੀ ਸਰਕਾਰੀ ਜਬਰ ਹੇਠ ਪਿਸ ਰਹੀ ਹੈ। ਪੰਥ-ਹਿਤੈਸ਼ੀਆਂ ਦੀਆਂ ਏਕਤਾ ਲਈ ਕੀਤੀਆਂ ਅਪੀਲਾਂ ਦਾ ਖ਼ੁਦਗਰਜ਼ ਸਿਆਸਤ-



www.AKJ.Org

ਦਾਨਾਂ ਤੇ ਜ਼ਰਾ ਅਸਰ ਨਹੀਂ ਹੋਇਆ। ਆਪਹੁਦਰੀ-ਮੀਰੀ, ਪੀਰੀ ਦੇ ਕੁੰਡੇ ਤੋਂ ਮੁਨਕਰ ਹੈ।

ਗੁਟ-ਬੰਦੀ ਦਾ ਸ਼ਿਕਾਰ ਹੋਏ ਸ਼੍ਰੋਮਣੀ ਅਕਾਲੀ ਦਲ ਤੋਂ ਇਲਾਵਾ ਕੁਝ ਹੋਰ ਸਿਆਸੀ ਜਥੇਬੰਦੀਆਂ ਵੀ ਮੀਰੀ-ਪੀਰੀ ਦੀਆਂ ਵਾਰਸ ਹੋ ਕੇ ਉਭਰੀਆਂ ਹਨ। ਕੁਝ ਜਥੇਬੰਦੀਆਂ ਨੇ ਧਰਮ-ਅਸਥਾਨਾਂ ਅਤੇ ਧੀਆਂ ਭੈਣਾਂ ਦਾ ਅਪਮਾਨ ਨਾ ਸਹਾਰਦਿਆਂ ਹੋਇਆਂ ਜਾਨਾਂ ਤਲੀ ਤੇ ਰੱਖ ਕੇ ਸ਼ਸਤਰ-ਬੱਧ ਸੰਘਰਸ਼ ਦਾ ਰਾਹ ਅਪਣਾਇਆ ਹੋਇਆ ਹੈ। ਪਰ ਬਦਕਿਸਮਤੀ ਦੀ ਗੱਲ ਹੈ ਕਿ ਇਹ ਜਥੇਬੰਦੀਆਂ ਵੀ ਚੌਧਰ ਦੀ ਭੁਖ ਕਾਰਨ ਆਪਸ ਵਿਚ ਲੀਰੋ ਲੀਰ ਹਨ। ਸਮੁੱਚੀ ਕੌਮ ਦਾ ਨਾ ਕੋਈ ਸਾਂਝਾ ਪ੍ਰੋਗਰਾਮ ਹੈ ਨਾ ਸੁਚੱਜੀ ਅਗਵਾਈ। ਸਭ ਪਾਸੇ ਆਪੋ ਧਾਪੀ ਹੈ।

ਮੁੱਕਦੀ ਗੱਲ, ਖ਼ੁਦਗਰਜ਼ ਅਤੇ ਆਪਹੁਦਰੀ 'ਮੀਰੀ' ਨੇ 'ਪੀਰੀ' ਨਾਲ ਧ੍ਰੋਹ ਕਮਾਇਆ ਹੈ। ਅੱਜ ਕਈ ਖ਼ੁਦ-ਸਾਖ਼ਤਾ ਪੰਥ ਦੀਆਂ ਠੇਕੇਦਾਰ ਬਣੀਆਂ ਧੜੇਬੰਦੀਆਂ ਇਕ ਦੂਜੀ ਵਿਰੁਧ ਦੂਸ਼ਣਬਾਜ਼ੀ ਵਿਚ ਉਲਝੀਆਂ ਪਈਆਂ ਹਨ। ਪਿਛਲੇ ਦਹਾਕੇ ਵਿਚ ਵਖ ਵਖ ਸਿਆਸੀ ਪਾਰਟੀਆਂ ਵਲੋਂ ਆਪਣਾ ਉੱਲੂ ਸਿੱਧਾ ਕਰਨ ਲਈ ਕਈ ਵਾਰੀ ਮੀਰੀ ਤੇ ਪੀਰੀ ਦੀ ਦੁਰਵਰਤੋਂ ਕੀਤੀ ਗਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬਿਲਡਿੰਗ ਨੂੰ ਤਾਂ ਸਰਕਾਰ ਨੇ ਨੁਕਸਾਨ ਪਹੁੰਚਾਇਆ ਸੀ, ਪਰ ਇਸ ਸਰਬੱਤਮ ਸੰਸਥਾ ਦੀ ਮਾਨ ਮਰਯਾਦਾ ਅਤੇ ਸ਼ੋਭਾ ਸ਼ਕਤੀ ਨੂੰ ਸਿੱਖ ਸਿਆਸਤਦਾਨਾਂ ਨੇ ਆਪ ਆਪਣੀਆਂ ਕਰਤੂਤਾਂ ਕਰਕੇ ਘਟਾਇਆ ਹੈ। ਅਜ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੇ ਕਈ ਦਾਅਵੇਦਾਰ ਹਨ।

ਆਪ-ਹੁਦਰੀ ਸਿੱਖ-ਮੀਰੀ ਹਰ ਤਰ੍ਹਾਂ ਨਾਲ ਨਸ਼ਰ ਹੋ ਚੁਕੀ ਹੈ ਪਰ ਆਪਣੀ ਅਧੋਗਤੀ ਨੂੰ ਲੁਕਾਉਣ ਲਈ ਪੀਰੀ ਦੀ ਆੜ ਲੈ ਰਹੀ ਹੈ। ਇਹ ਆਪ-ਹੁਦਰੀ-ਮੀਰੀ, ਪੀਰੀ ਉਤੇ ਅਮਰ-ਵੇਲ ਵਾਂਗ ਛਾਈ ਪਈ ਹੈ ਤੇ ਆਪਣੀਆਂ ਕਰਤੂਤਾਂ ਕਾਰਨ ਪੀਰੀ ਦਾ ਮੂੰਹ ਮੁਹਾਂਦਰਾ ਵਿਗਾੜ ਰਹੀ ਹੈ।

ਗੁਰਬਾਣੀ ਦਾ ਫ਼ੁਰਮਾਨ ਹੈ: "ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸ"। ਤਾਂ ਫਿਰ ਹੁਣ ਅਜਿਹੀ ਅਵੈੜੀ-ਮੀਰੀ ਦਾ 'ਪੀਰੀ' ਨਾਲ ਕਾਹਦਾ ਸੁਮੇਲ?

**ਸਾਰ-ਸਿੱਟਾ :**

੧. ਸਿੱਖ ਧਰਮ ਦਾ ਨਿਸ਼ਾਨਾ ਮਨੁੱਖ ਨੂੰ ਸਚਿਆਰ ਬਣਾ ਕੇ ਸੰਸਾਰ ਉੱਤੇ ਸੱਚ ਦਾ ਰਾਜ ਸਥਾਪਿਤ ਕਰਨਾ ਹੈ, ਜਿਸ ਵਿਚ ਮਨੁੱਖਤਾ ਸੁਖੀ ਵੱਸੇ।

੨. ਸਿੱਖ ਧਰਮ ਵਿਚ 'ਪੀਰੀ' (ਅਧਿਆਤਮਿਕ ਖੇਤਰ ਵਿਚ ਅਗਵਾਈ) ਅਤੇ ਮੀਰੀ (ਵਿਵਹਾਰਕ ਖੇਤਰ ਵਿਚ ਅਗਵਾਈ) ਦਾ ਕੇਵਲ ਸੁਮੇਲ ਹੀ ਨਹੀਂ, ਨਹੁੰ-ਮਾਸ ਦਾ ਰਿਸ਼ਤਾ ਹੈ। ਇਹ ਰਿਸ਼ਤਾ ਓਵੇਂ ਹੀ ਹੈ ਜਿਵੇਂ ਆਤਮਾ ਦਾ ਸਰੀਰ ਨਾਲ। 'ਪੀਰੀ' ਤੋਂ ਸਖਣੀ 'ਮੀਰੀ' ਛੁੱਟੜ-ਰੰਨ ਵਾਂਗ ਹੈ। ਦੂਜੇ ਪਾਸੇ ਜਿਹੜੀ 'ਪੀਰੀ' ਜੀਵਨ ਦੇ ਵਿਵਹਾਰਕ ਖੇਤਰ ਨੂੰ ਅਣਗੌਲਿਆ ਕਰਦੀ ਹੈ, ਉਹ ਅਧੂਰੀ 'ਪੀਰੀ' ਹੈ।

੩. 'ਪੀਰੀ', ਅੰਦਰਲੇ (ਪਿੰਡ ਵਿਚਲੇ) ਅਤੇ 'ਮੀਰੀ' ਬਾਹਰਲੇ (ਬ੍ਰਹਮੰਡ ਵਿਚਲੇ) ਖੇਤਰ ਵਿਚ ਸੰਘਰਸ਼ ਦੀ ਪ੍ਰੇਰਕ ਹੈ। ਮੂਲ ਤੱਤ 'ਪੀਰੀ' ਹੈ ਅਤੇ 'ਮੀਰੀ' ਉਸ ਦਾ ਹੀ ਇਕ ਅੰਗ ਹੈ।

੪. ਖ਼ਾਲਸਾ-ਮੀਰੀ ਦਾ ਸੰਬੰਧ ਕੇਵਲ ਰਾਜਨੀਤਕ ਖੇਤਰ ਨਾਲ ਹੀ ਨਹੀਂ, ਸਗੋਂ ਜੀਵਨ ਦੇ ਸਮੁੱਚੇ ਵਿਵਹਾਰਕ ਖੇਤਰ ਨਾਲ ਹੈ।

੫. 'ਪੀਰੀ' 'ਮੀਰੀ' ਦੇ ਮਾਲਿਕ ਗੁਰੂ-ਪੀਰ ਨੇ ਜੋਤੀ ਜੋਤਿ ਸਮਾਉਣ ਸਮੇਂ ਖਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ (ਅਧੀਨਗੀ ਹੇਠ) 'ਮੀਰੀ' 'ਪੀਰੀ' ਦਾ ਵਾਰਿਸ ਥਾਪਿਆ ਸੀ।

ਨੋਟ: ਖਾਲਸਾ ਪੰਥ ਤੋਂ ਭਾਵ ਅੰਮ੍ਰਿਤਧਾਰੀ, ਤਿਆਰ-ਬਰ-ਤਿਆਰ ਖਾਲਸੇ ਦੇ ਪੁੰਜ ਤੋਂ ਹੈ। ਗੁਰਮਤਿ ਸਿਧਾਂਤ ਤੋਂ ਕੋਰੇ, ਨਿਗੁਰੇ ਅਤੇ ਗ਼ਰਜ਼-ਅਧੀਨ ਈਮਾਨ ਨੂੰ ਦਰ ਦਰ ਵੇਚਣ ਵਾਲੇ ਵਿਅਕਤੀ ਹਰਗਿਜ਼ ਪੰਥ ਨਹੀਂ।

੬. ਸਿੱਖੀ ਦੇ ਆਰੰਭ ਕਾਲ ਵਿਚ ਪੀਰੀ ਅਤੇ ਮੀਰੀ ਗੁਰੂ-ਪੀਰ ਦੀ ਸ਼ਖ਼ਸੀਅਤ ਵਿਚੋਂ ਇਕੱਠੀਆਂ ਵਰਤੀਆਂ



www.AKJ.Org

ਸਨ। ਪਰ ਅੱਜ 'ਪੀਰੀ' ਅਤੇ 'ਮੀਰੀ' ਦੋ ਵਖ ਵਖ ਸੰਸਥਾਵਾਂ ਤੋਂ ਪੀਰੀ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਤੇ ਮੀਰੀ, ਵਖ ਵਖ ਸਿਖ-ਸਿਆਸੀ ਪਾਰਟੀਆਂ ਤੋਂ) ਵਰਤ ਰਹੀ ਹੈ। ਅਖੌਤੀ-ਸਿੱਖ-ਮੀਰੀ ਹਵਸ ਅਧੀਨ ਹੋਈ ਹੋਈ 'ਪੀਰੀ' ਦੇ ਗੁਣਾਂ ਤੋਂ ਮੂਲੋਂ ਹੀ ਸਖਣੀ ਹੋਈ ਪਈ ਹੈ। ਕੁਝ ਨਿਜੀ ਗ਼ਰਜ਼ਾਂ ਕਾਰਨ ਅਤੇ ਕੁਝ ਵਡੀ (ਦਿੱਲੀ) ਸਰਕਾਰ ਦੇ ਦਬਾਅ ਕਾਰਨ ਅਖੌਤੀ-ਸਿਖ-ਮੀਰ 'ਪੀਰੀ' ਨੂੰ ਨਾ-ਸਿਰਫ਼ ਪਿੱਠ ਦੇਈ ਬੈਠੇ ਹਨ, ਬਲਕਿ ਪੀਰੀ ਦੇ ਕੁੰਡੇ ਤੋਂ ਬਾਗ਼ੀ ਹੋਏ ਪਏ ਹਨ। ਇਸ ਦੇ ਬਾਵਜੂਦ ਆਪਣਾ ਉੱਲੂ ਸਿੱਧਾ ਕਰਨ ਲਈ 'ਧਰਮ ਸਿਆਸਤ ਇਕੋ' ਦੀਆਂ ਟਾਹਰਾਂ ਮਾਰ ਰਹੇ ਹਨ।

੭. ਅਜਿਹੀ ਆਪ-ਹੁਦਰੀ ਸਿਆਸਤ ਨਾਲ ਸਾਂਝ ਦੀ ਧਰਮ ਨੂੰ ਕੀ ਮੁਥਾਜੀ ਹੈ ?

੮. ਲੋੜ ਹੈ, ਕੁਟਲ ਸਿਆਸਤ ਨਾਲ ਲੰਮਾ ਸਮਾਂ ਭਿਆਲੀ ਰਖਣ ਕਾਰਨ ਨਿਰਬਲ ਹੋਇਆ 'ਧਰਮ' ਹੁਣ ਬਲ ਧਾਰਨ ਕਰੇ ਅਤੇ ਹਵਸ-ਪੂਰਤੀ ਵਾਲੀ ਸਿਆਸਤ ਦੇ ਚੁੰਗਲ ਵਿਚੋਂ ਨਿਕਲ ਕੇ 'ਖਾਲਸਾ-ਮੀਰੀ' ਨੂੰ ਉਜਾਗਰ ਕਰਨ ਲਈ ਹੰਭਲਾ ਮਾਰੇ।

**ਸਹਾਇਕ ਪੁਸਤਕਾਂ ਦੀ ਸੂਚੀ :**

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। (੨) ਵਾਰਾਂ ਭਾਈ ਗੁਰਦਾਸ ਜੀ। (੩) ਮਹਾਨ ਕੋਸ਼ ਵਲੋਂ ਭਾਈ ਕਾਨ੍ਹ ਸਿੰਘ ਜੀ ਨਾਭਾ। (੪) ਗੁਰਮਤਿ ਮਾਰਤੰਡ (ਭਾਈ ਕਾਨ੍ਹ ਸਿੰਘ ਜੀ ਨਾਭਾ)। (੫) ਸਿੱਖ ਇਨਕਲਾਬ ਵਲੋਂ ਸ. ਜਗਜੀਤ ਸਿੰਘ ਜੀ। (੬) ਸਿੱਖ ਧਰਮ ਤੇ ਸਿਆਸਤ ਵਲੋਂ ਪ੍ਰੋ. ਪ੍ਰੀਤਮ ਸਿੰਘ ਜੀ। (੭) ਧਰਮੀ ਰਾਜਨੀਤੀ—ਪ੍ਰਕਾਸ਼ਕ ਭਗਤ ਪੂਰਨ ਸਿੰਘ ਜੀ। (੮) ਗੁਰਮਤਿ ਪ੍ਰਕਾਸ਼, ਅੰਕ ਫਰਵਰੀ, ੧੯੮੬। (੯) ਪੰਥ ਪ੍ਰਕਾਸ਼, ਭਾਈ ਰਤਨ ਸਿੰਘ ਭੰਗੂ।

---

## ਗੁਰਮਤਿ ਦਾ ਊੜਾ ਐੜਾ

[ਪ੍ਰੋ: ਹਰਬੰਸ ਸਿੰਘ ਜੀ ਲੁਧਿਆਣਾ]

੧. "ਸਾਬਤ ਸੂਰਤਿ ਦਸਤਾਰ ਸਿਰਾ" ਦਾ ਧਾਰਨੀ ਹੋਣਾ।
੨. ਗੁਰੂ ਦੇ ਲੜ ਲੱਗਣਾ ਅਰਥਾਤ ਅੰਮ੍ਰਿਤ ਛਕਣਾ।
੩. ਅੰਮ੍ਰਿਤ ਵੇਲੇ ਉਠਣਾ, ਸਕੇਸ਼ (ਕੇਸਾਂ ਸਣੇ) ਇਸ਼ਨਾਨ ਕਰਨਾ, ਨਾਮ ਜਪਣਾ ਅਤੇ ਨਿੱਤਨੇਮ ਕਰਨਾ।
੪. ਗੁਰੂ ਦਰਬਾਰ ਹਾਜ਼ਰੀ ਭਰਨੀ, ਗੁਰਬਾਣੀ ਪੜ੍ਹਨੀ, ਸੁਣਨੀ, ਗਾਉਣੀ, ਵਿਚਾਰਨੀ ਤੇ ਮਨ ਵਸਾਉਣੀ।
੫. ਸਾਧ ਸੰਗਤਿ ਵਿਚ ਜਾ ਕੇ ਸੁਰਤ ਨੂੰ ਸ਼ਬਦ ਨਾਲ ਜੋੜਨਾ ਤੇ ਹਉਮੈ ਤੋਂ ਬਚ ਕੇ ਰਹਿਣਾ।
੬. ਮਾਣ ਹੁੰਦੇ ਹੋਏ ਨਿਮਾਣਾ ਅਤੇ ਤਾਣ ਹੁੰਦੇ ਹੋਏ ਨਿਤਾਣਾ ਬਣ ਕੇ ਰਹਿਣਾ।
੭. ਧਰਮ ਦੀ ਕਿਰਤ ਕਰਨੀ ਅਤੇ ਵੰਡ ਕੇ ਛਕਣਾ।
੮. ਯਥਾ ਸ਼ਕਤ ਕੋਈ ਸੇਵਾ ਕਰਨੀ।
੯. ਪਰ-ਤਨ, ਪਰ-ਧਨ ਤੇ ਪਰ-ਨਿੰਦਾ ਤੋਂ ਖ਼ਬਰਦਾਰ ਰਹਿਣਾ।
੧੦. ਕੁਰਹਿਤਾਂ ਤੋਂ ਬਚਣਾ ਅਤੇ ਰਹਿਤਵਾਨ ਸਿੱਖ ਬਣ ਕੇ ਰਹਿਣਾ।

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ,**
**ਗੁਰਬਾਣੀ ਬਣੀਐ ॥੬॥ (ਪੰਨਾ ੩੦੪)**

ਸਤਿਗੁਰੂ ਦੀ ਬਾਣੀ ਸੱਚੇ ਪ੍ਰਭੂ ਦਾ ਸਰੂਪ ਹੈ।
ਸਤਿਗੁਰੂ ਦੀ ਬਾਣੀ ਰਾਹੀਂ ਸਤਿ ਸਰੂਪ ਬਣ ਜਾਈਦਾ ਹੈ।



www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੪)

॥੧੩॥੨੧॥

ਸਿਧ ਨਾਥ ਜੋਗੀ ਜੋਗ-ਧਯਾਨ ਮੈ ਨ ਆਨ ਸਕੈ, ਬੇਦ ਪਾਠੁ ਕਰਿ ਬ੍ਰਹਮਾਦਿਕ ਨ ਜਾਨੇ ਹੈ ॥
ਅਧਯਾਤਮ ਗਯਾਨ ਕੈ ਨ ਸ਼ਿਵ ਸਨਕਾਦਿ ਪਾਏ, ਜੱਗ ਭੋਗ ਮੈ ਨ ਇੰਦ੍ਰਾਦਿਕ ਪਹਿਚਾਨੇ ਹੈ ॥
ਨਾਮ ਸਿਮਰਨ ਕੈ ਸ਼ੇਖਾਦਿਕ ਨ ਸੰਖਯਾ ਜਾਨੀ, ਬ੍ਰਹਮਚਰਜ ਨਾਰਦਾਦਿਕ ਹਿਰਾਨੇ ਹੈ ॥
ਨਾਨਾ ਅਵਤਾਰ ਕੈ ਅਪਾਰ ਕੋ ਨ ਪਾਰੁ ਪਾਇਓ, ਪੂਰਨ ਬ੍ਰਹਮੁ ਗੁਰੁ ਸਿਖ ਮਨਿ ਮਾਨੇ ਹੈ ॥

**ਪਦ ਅਰਥ** : ਬ੍ਰਹਮਾਦਿਕ–ਬ੍ਰਹਮਾ ਆਦਿਕ । ਅਧਯਾਤਮ ਗਯਾਨ–ਆਤਮ-ਗਿਆਨ । ਕੈ–ਕਰਨ ਨਾਲ । ਸਨਕਾਦਿ–ਸਨਕ ਆਦਿ, ਬ੍ਰਹਮਾ ਦੇ ਚਾਰ ਪੁਤਰ : ਸਨਕ, ਸਨੰਦਨ, ਸਨਾਤਨ, ਸੰਤਕੁਮਾਰ । ਜਗ ਭੋਗ ਮੈ–ਜਗ ਆਦਿਕ ਕਰਮ ਕਰ ਕੇ । ਭੋਗ-ਅਨੰਦ ਮਾਣਨ ਲਈ । ਇੰਦ੍ਰਾਦਿਕ–ਇੰਦ੍ਰ ਆਦਿਕ । ਪਹਿਚਾਨੇ–ਪਛਾਣ ਸਕੇ । ਨਾਮ ਸਿਮਰਨ ਕੈ–(ਬੇਅੰਤ) ਨਾਮ ਕਥਨ ਕਰਨ ਕਰ ਕੇ । ਸ਼ੇਖਾਦਿਕ–ਸ਼ੇਖ ਨਾਗ ਆਦਿ । ਸੰਖਯਾ–ਗਿਣਤੀ । ਨਾਰਦਾਦਿਕ–ਨਾਰਦ ਆਦਿ ਮੁਨੀ । ਹਿਰਾਨੇ ਹੈ–ਹੈਰਾਨ ਹਨ, ਥਕ ਗਏ ਹਨ । ਨਾਨਾ ਅਵਤਾਰ ਕੈ–ਅਨੇਕ ਅਵਤਾਰ ਧਾਰਨ ਕਰਕੇ । ਅਪਾਰ–ਬੇਅੰਤਤਾ । ਪਾਰ–ਪਾਰਾਵਾਰ, ਅੰਤ, ਹੱਦ । ਪੂਰਨ ਬ੍ਰਹਮੁ–ਸਰਬ ਵਿਆਪੀ ਵਾਹਿਗੁਰੂ । ਮਾਨੇ ਹੈ–ਪਰਗਟ ਕਰਦਾ ਹੈ ।

**ਅਰਥ** : (ਜਿਸ ਪੂਰਨ ਬ੍ਰਹਮ ਪਰਮੇਸ਼ਰ ਨੂੰ) ਸਿਧ, ਨਾਥ ਤੇ ਜੋਗੀ ਲੋਕ ਜੋਗ ਦੇ ਧਿਆਨ ਵਿਚ ਨਹੀਂ ਲਿਆ ਸਕੇ ਅਤੇ ਬ੍ਰਹਮਾ ਆਦਿਕ ਵੀ ਵੇਦਾਂ ਦਾ ਪਾਠ ਕਰ ਕਰ ਕੇ ਨਹੀਂ ਜਾਣ ਸਕੇ;

(ਜਿਸ ਪ੍ਰਭੂ ਨੂੰ) ਅਧਿਆਤਮ ਗਿਆਨ ਦੁਆਰਾ ਸ਼ਿਵ ਅਤੇ ਬ੍ਰਹਮਾ ਦੇ ਚਾਰ ਪੁੱਤਰ ਸਨਕ ਆਦਿਕ ਵੀ ਨਹੀਂ ਪਾ ਸਕੇ ਅਤੇ ਜੱਗ ਆਦਿਕ ਕਰਮ ਕਰ ਕੇ ਭੋਗ-ਅਨੰਦ ਮਾਣਨ ਵਾਲੇ ਇੰਦ੍ਰ ਆਦਿ ਦੇਵਤੇ ਵੀ ਨਹੀਂ ਪਛਾਣ ਸਕੇ;

(ਜਿਸ ਪ੍ਰਭੂ ਪਰਮੇਸ਼ਰ ਨੂੰ) ਸ਼ੇਸ਼ ਨਾਗ ਆਦਿਕ (ਆਪਣੀ ਹਜ਼ਾਰ ਜੇਭਾ ਨਾਲ) ਉਸ ਦੇ ਬੇਅੰਤ ਨਾਮ ਕਥਨ ਕਰ ਕਰ ਕੇ, ਉਸ ਦੀ ਗਿਣਤੀ ਦਾ ਅਨੁਮਾਨ ਨਹੀਂ ਲਾ ਸਕੇ, ਅਤੇ ਬ੍ਰਹਮਚਰਜ ਧਾਰਨ ਕਰਨ ਵਾਲੇ ਨਾਰਦ ਆਦਿ ਮੁਨੀ ਵੀ ਜਿਸ ਦੀ ਖੋਜ ਕਰ ਕੇ ਥਕ-ਹੁਟ ਕੇ ਚਕ੍ਰਿਤ ਹੋ ਰਹੇ ਹਨ;

(ਜਿਸ ਵਾਹਿਗੁਰੂ ਦੀ) ਬੇਅੰਤਤਾ ਦਾ ਅੰਤ ਅਨੇਕ ਅਵਤਾਰ ਧਾਰ ਧਾਰ ਕੇ ਵਿਸ਼ਨੂੰ ਵੀ ਨਹੀਂ ਪਾ ਸਕਿਆ, ਉਸ ਪੂਰਨ ਬ੍ਰਹਮ ਵਾਹਿਗੁਰੂ ਨੂੰ ਸਤਿਗੁਰੂ, ਗੁਰਮੁਖ ਗੁਰਸਿੱਖ ਦੇ ਹਿਰਦੇ ਵਿਚ ਪਰਤੱਖ ਕਰ ਦਿੰਦਾ ਹੈ ।੧੩।੨੧।

॥੧੪॥੨੨॥

ਗੁਰ ਉਪਦੇਸ਼ ਰਿਦੈ ਨਿਮ੍ਰਤ ਨਿਵਾਸੁ ਜਾਸ, ਧਯਾਨ ਗੁਰ ਮੂਰਤਿ ਕੈ ਪੂਰਨ ਬ੍ਰਹਮ ਹੈ ॥
ਗੁਰਮੁਖਿ ਸਬਦ ਸੁਰਤਿ ਉਨਮਾਨੁ ਗਯਾਨ, ਸਹਜਿ ਸੁਭਾਇ ਸਰਬਾਤਮ ਕੈ ਸਮ ਹੈ ॥
ਹਉਮੈ ਤਯਾਗਿ ਤਯਾਗੀ ਬਿਸਮਾਦ ਕੈ ਬੈਰਾਗੀ ਭਏ, ਮਨ ਉਨਮਨਿ ਲਿਵ ਗੰਮਤਾ ਅਗੰਮਿ ਹੈ ॥
ਸੂਖਮ ਸਥੂਲ ਮੂਲੁ ਏਕੁ ਹੀ ਅਨੇਕ ਮੇਕੁ, ਜੀਵਨ ਮੁਕਤੁ ਨਮੋ ਨਮੋ ਨਮੋ ਨਮ ਹੈ ॥

**ਪਦ ਅਰਥ** : ਰਿਦੈ–ਹਿਰਦੇ ਵਿਚ । ਜਾਸ–ਜਿਸ ਦੇ । ਪੂਰਨ ਬ੍ਰਹਮ–ਸਰਬ ਵਿਆਪੀ ਪ੍ਰਭੂ । ਗੁਰਮੁਖਿ–ਸਤਿਗੁਰੂ । ਸਬਦ–ਗੁਰ ਮੰਤ੍ਰ । ਉਨਮਾਨ–ਧਿਆਨ, ਵਿਚਾਰ । ਗਯਾਨ–ਆਤਮ-ਗਿਆਨ । ਸਰਬਾਤਮ–ਸਭ ਦਾ ਆਤਮਾ । ਸਮ–ਸਭ ਨੂੰ ਇਕ ਸਮਾਨ ਦੇਖਣਾ । ਬੈਰਾਗੀ–ਦੁਨੀਆ ਵਲੋਂ ਵਿਰੱਕਤ । ਉਨਮਨਿ ਲਿਵ–ਉਚੀ ਆਤਮਕ ਅਵਸਥਾ ਵਾਲੀ ਲਿਵ । ਗੰਮਤਾ–ਪਹੁੰਚ । ਅਗੰਮਿ–ਅਪਹੁੰਚ ਵਾਹਿਗੁਰੂ ਵਿਚ । ਸੂਖਮ–ਪਤਲਾ, ਬਰੀਕ । ਸਥੂਲ–ਵਿਸ਼ਾਲ । ਮੇਕ–ਇਕ । ਨਮੋ–ਨਮਸਕਾਰ ।



www.AKJ.Org

**ਅਰਥ** : ਜਿਸ ਗੁਰਸਿਖ ਦੇ ਹਿਰਦੇ ਵਿਚ ਗੁਰੂ ਦੇ ਉਪਦੇਸ਼ ਦਾ ਵਾਸਾ ਹੈ, ਅਤੇ ਸਤਿਗੁਰ-ਮੂਰਤ (ਗੁਰ ਮੰਤ੍ਰ) ਵਿਚ ਧਿਆਨ ਜੋੜਨ ਕਰਕੇ (ਜਿਸ ਦੇ ਅੰਦਰ) ਸਰਬ ਵਿਆਪੀ ਵਾਹਿਗੁਰੂ ਦਾ ਨਿਵਾਸ ਹੈ,

ਸਤਿਗੁਰੂ ਦੇ ਸ਼ਬਦ (ਗੁਰ ਮੰਤ੍ਰ) ਵਿਚ ਸੁਰਤ ਜੋੜ ਕੇ ਜੋ ਆਤਮ-ਗਿਆਨ ਦਾ ਵਿਚਾਰ ਕਰਦਾ ਹੈ ਅਤੇ ਸਹਿਜੇ ਹੀ ਸਭਨਾਂ ਵਿਚ ਇਕੋ ਆਤਮ-ਤੱਤ ਨੂੰ ਵਸਦਾ ਜਾਣ ਕੇ ਸਮ-ਦ੍ਰਿਸ਼ਟੀ ਰਖਦਾ ਹੈ;

ਜਿਹੜਾ ਗੁਰਸਿਖ ਹਉਮੈ ਨੂੰ ਛਡ ਕੇ (ਸੱਚਾ) ਤਿਆਗੀ ਬਣਦਾ ਹੈ ਅਤੇ (ਨਾਮ ਸਿਮਰਨ ਸਦਕਾ) ਅਸਚਰਜ ਬਿਵਸਥਾ ਵਾਲਾ ਹੋ ਕੇ ਦੁਨੀਆ ਵਲੋਂ ਵਿਰੱਕਤ ਹੋ ਜਾਂਦਾ ਹੈ, ਅਤੇ ਮਨ ਦੀ ਉਨਮਤੀ ਲਿਵ ਕਰਕੇ ਅਪਹੁੰਚ ਵਾਹਿਗੁਰੂ ਵਿਚ ਪਹੁੰਚ ਰਖਦਾ ਹੈ;

ਜਿਹੜਾ ਗੁਰਸਿਖ ਦੁਨੀਆ ਦੇ ਸਾਰੇ ਸੂਖਮ ਤੇ ਅਸਥੂਲ ਤੱਤਾਂ ਵਿਚ ਇਕੋ ਹੀ ਮੂਲ ਤੱਤ ਵਾਹਿਗੁਰੂ, ਅਨੇਕ ਵਿਚ ਇਕ ਨੂੰ ਪਛਾਣਦਾ ਹੈ, ਉਹ ਗੁਰਮੁਖ ਜੀਊਂਦਾ ਹੀ ਮੁਕਤ ਹੈ ਅਤੇ ਉਸ ਨੂੰ ਸਾਡੀ ਤਿੰਨ ਕਾਲ ਬਾਰੰਬਾਰ ਨਮਸਕਾਰ ਹੈ ।੧੪।੨੨।

॥੧੫॥੨੩॥

**ਦਰਸਨ ਜੋਤਿ ਨ ਜੋਤੀ ਸਰੂਪ ਹੁਇ ਪਤੰਗ, ਸਬਦ ਸੁਰਤਿ ਮ੍ਰਿਗ ਜੁਗਤਿ ਨ ਜਾਨੇ ਹੈ ॥**
**ਚਰਨ ਕਮਲ ਮਕਰੰਦ ਮਧੁਕਰ ਗਤਿ, ਬਿਰਹ ਬਿਓਗ ਹੁਇ ਨ ਮੀਨ ਮਰਿ ਜਾਨੇ ਹੈ ॥**
**ਏਕ ਏਕ ਟੇਕ ਨ ਟਰਤ ਹੈ ਤ੍ਰਿਗਦ ਜੋਨਿ, ਚਾਤੁਰੁ ਚਾਤੁਰ ਗੁਨ ਹੋਇ ਨ ਹਿਰਾਨੇ ਹੈ ॥**
**ਪਾਹਨ ਕਠੋਰ ਸਤਿਗੁਰੁ ਸੁਖ ਸਾਗਰੁ ਮੈਂ, ਸੁਨਿ ਮਮ ਨਾਮੁ ਜਮ ਨਰਕ ਲਜਾਨੇ ਹੈ ॥**

**ਪਦ ਅਰਥ** : ਜੋਤਿ–ਜੋਤੀ, ਦੀਵੇ ਦੀ ਲਾਟ। ਜੋਤੀ ਸਰੂਪ–ਜੋਤੀ ਦਾ ਰੂਪ ਹੋਣਾ। ਸਬਦ–ਗੁਰ-ਸ਼ਬਦ, ਹਿਰਨ ਨੂੰ ਫੜਨ ਲਈ ਕੀਤਾ ਸ਼ਬਦ। ਘੰਡਾ ਹੇੜਾ–ਸ਼ਿਕਾਰੀ ਹਿਰਨ ਨੂੰ ਫੜਨ ਲਈ ਜੰਗਲ ਵਿਚ ਕਿਸੇ ਲੁਕਵੀਂ ਥਾਂ ਖਾਸ ਕਿਸਮ ਦਾ ਨਾਦ, ਸ਼ਬਦ ਗੁੰਜਾਂਦੇ ਹਨ,ਜਿਸ ਦੀ ਧੁਨੀ ਤੇ ਲੱਟੂ ਹੋ ਕੇ ਉਹ ਉਸ ਵਲ ਦੌੜਦਾ ਹੈ ਅਤੇ ਫੜਿਆ ਜਾਂਦਾ ਹੈ। ਮ੍ਰਿਗ–ਹਿਰਨ। ਮਕਰੰਦ–ਫੁਲ ਦਾ ਰਸ, ਸੁਗੰਧੀ। ਮਧੁਕਰ–ਭੌਰਾ। ਬਿਰਹ–ਵਿਛੋੜੇ ਦੀ ਪੀੜਾ। ਬਿਓਗ–ਵਿਛੋੜਾ। ਮੀਨ–ਮੱਛੀ। ਟੇਕ–ਆਸਰਾ। ਤ੍ਰਿਗਦ ਜੋਨਿ–ਟੇਢੀਆਂ ਜੂਨਾਂ, ਤੁਛ ਜੂਨੀਆਂ ਵਾਲੇ ਜੀਵ ਜੰਤੂ। ਚਾਤੁਰੁ–ਸਿਆਣਾ। ਚਤੁਰ ਗੁਨ–ਚਾਰੇ (–ਪਤੰਗਾ, ਹਿਰਨ, ਭੌਰਾ ਤੇ ਮੱਛੀ) ਜੀਵਾਂ ਵਾਲੇ ਗੁਣ। ਹਿਰਾਨੇ–ਲੁਟਾਣਾ। ਪਾਹਨ ਕਠੋਰ–ਕਰੜਾ ਪੱਥਰ। ਸੁਖ ਸਾਗਰੁ–ਸੁਖਾਂ ਦਾ ਸਮੁੰਦਰ। ਮਮ–ਮੈਂ, ਮੇਰਾ। ਲਜਾਨੇ ਹੈ–ਸ਼ਰਮਸਾਰ ਹੈ।

**ਅਰਥ** :–ਮੈਂ ਪਤੰਗੇ (ਦੇ ਦੀਵੇ ਦੀ ਲਾਟ ਤੋਂ ਆਪਣਾ ਆਪ ਮਿਟਾਅ ਦੇਣ) ਵਾਂਗ ਸਤਿਗੁਰੂ ਜੋਤੀ ਦੇ ਸਫਲ ਦਰਸ਼ਨਾਂ ਵਿਚ ਜੋਤੀ ਸਰੂਪ ਨਹੀਂ ਹੁੰਦਾ ਅਤੇ ਨਾ ਹਿਰਨ ਵਾਂਗ ਸ਼ਬਦ-ਧੁਨੀ ਵਿਚ ਸੁਰਤ ਜੋੜਨ ਦੀ ਜੁਗਤੀ ਜਾਣਦਾ ਹਾਂ, (ਭਾਵ, ਜਿਵੇਂ ਹਿਰਨ ਘੰਡੋ ਹੇੜੇ ਦੀ ਧੁਨੀ ਤੇ ਮਸਤ ਹੋ ਕੇ ਆਪਾ ਭੁਲ ਜਾਂਦਾ ਹੈ, ਇਉਂ ਮੈਂ ਸਤਿਗੁਰੂ ਦੇ ਸ਼ਬਦ (ਗੁਰ ਮੰਤ੍ਰ) ਵਿਚ ਆਪਣਾ ਆਪ ਲੀਨ ਨਹੀਂ ਕਰਦਾ।

(ਭੌਰਾ ਕਮਲ ਫੁਲ ਦੇ ਰਸ ਦਾ ਮਤਵਾਲਾ ਹੋ ਕੇ ਉਸ ਵਿਚ ਬੰਦ ਹੋ ਕੇ ਆਪਣਾ ਆਪ ਮਿਟਾਅ ਦਿੰਦਾ ਹੈ) (ਇਉਂ ਮੈਂ) ਸਤਿਗੁਰੂ ਦੇ ਚਰਨ ਕਮਲਾਂ ਦੀ ਸੁਗੰਧਤ ਧੂੜੀ ਤੋਂ ਭੌਰੇ ਵਾਂਗ (ਆਪਣਾ ਆਪ ਭੇਟ ਨਹੀਂ ਕੀਤਾ) ਅਤੇ ਨਾ ਹੀ ਮੱਛੀ ਵਾਂਗ (ਪਾਣੀ ਤੋਂ ਵਿਛੜ ਕੇ) ਸਤਿਗੁਰੂ ਦੇ ਵਿਛੋੜੇ ਦੀ ਪੀੜਾ ਵਿਚ ਮਰਨਾ ਜਾਣਿਆ ਹੈ।

ਉਪਰੋਕਤ ਤੁਛ ਜੂਨੀਆਂ ਵਾਲੇ ਜੀਵ ਜੰਤ ਤਾਂ ਇਕ (ਪ੍ਰੀਤਮ) ਦਾ ਆਸਰਾ ਲੈ ਕੇ ਉਸ ਤੋਂ ਪਿਛੇ ਨਹੀਂ ਹਟਦੇ (ਆਪਣਾ ਆਪ ਵਾਰ ਦੇਂਦੇ ਹਨ), ਪਰ ਮੇਰੇ ਵਿਚ ਸਿਆਣਾ ਬਿਆਣਾ ਹੋ ਕੇ ਵੀ (ਪਤੰਗੇ, ਹਿਰਨ, ਭੌਰੇ ਤੇ ਮੱਛੀ) ਚਹੁੰਆਂ ਜੀਆਂ ਜੰਤੂਆਂ ਵਾਲਾ ਕੋਈ ਗੁਣ ਵੀ ਨਹੀਂ ਹੈ, (ਮੈਂ ਸਤਿਗੁਰੂ ਦੀ ਪ੍ਰੀਤੀ ਤੋਂ) ਆਪਣਾ ਆਪ ਨਹੀਂ ਲੁਟਾਅ ਦਿੰਦਾ, ਕੁਰਬਾਨ ਨਹੀਂ ਕਰਦਾ।

ਸਤਿਗੁਰੂ ਸੁਖਾਂ ਦਾ ਸਮੁੰਦਰ ਹੈ, ਪਰ (ਉਸ ਲਾਗੇ ਰਹਿੰਦਾ ਹੋਇਆ ਵੀ) ਮੈਂ ਕਰੜਾ ਪੱਥਰ ਹਾਂ (ਜਿਸ



www.AKJ.Org

ਤੇ ਉਸ ਦਾ ਕੋਈ ਉਪਦੇਸ਼ ਅਸਰ ਨਹੀਂ ਕਰਦਾ ਅਤੇ ਜਿਹੜਾ ਉਸ ਦੀ ਪ੍ਰੀਤੀ ਵਿਚ ਨਿਮਗਨ ਨਹੀਂ ਹੁੰਦਾ। ਮੇਰਾ (ਪਾਪੀ ਦਾ) ਨਾਮ ਸੁਣ ਕੇ ਨਰਕਾਂ ਵਲ ਧਕੇਲਣ ਵਾਲਾ ਜਮ ਵੀ ਸ਼ਰਮਸਾਰ ਹੈ(ਕਿ ਅਜਿਹੇ ਪਾਪੀ ਨੂੰ ਕਿਹੜੇ ਨਰਕ ਵਿਚ ਸੁਟਿਆ ਜਾਏ) ।੧੫।੨੩।

॥੧੬॥੨੪॥

ਗੁਰਮਤਿ ਸਤਿ ਕਰਿ ਚੰਚਲ ਅਚਲ ਭਏ, ਮਹਾਂ ਮਲ ਮੂਤ੍ਰ-ਧਾਰੀ ਨਿਰਮਲ ਕੀਨੇ ਹੈਂ ॥
ਗੁਰਮਤਿ ਸਤਿ ਕਰਿ ਜੋਨਿ ਕੈ ਅਜੋਨਿ ਭਏ, ਕਾਲ ਸੇ ਅਕਾਲ ਕੈ ਅਮਰ ਪਦੁ ਦੀਨੇ ਹੈਂ ॥
ਗੁਰਮਤਿ ਸਤਿ ਕਰਿ ਹਉਮੈ ਖੋਇ ਹੋਇ ਰੇਨੁ, ਤ੍ਰਿਕੁਟੀ ਤ੍ਰਿਬੇਣੀ ਪਾਰਿ ਆਪਾ ਆਪੁ ਚੀਨੇ ਹੈਂ ॥
ਗੁਰਮਤਿ ਸਤਿ ਕਰਿ ਬਰਨ ਅਬਰਨ ਭਏ, ਭੈ ਭ੍ਰਮ ਨਿਵਾਰਿ ਡਾਰਿ ਨਿਰਭੈ ਕੈ ਲੀਨੇ ਹੈਂ ॥

**ਪਦ ਅਰਥ** : ਗੁਰਮਤਿ–ਗੁਰੂ ਦੀ ਮਤ। ਗੁਰੂ ਦਾ ਉਪਦੇਸ਼। ਸਤਿ ਕਰਿ–ਸਤਿ ਸਤਿ ਕਰ ਕੇ ਮੰਨਣ ਕਮਾਉਣ ਨਾਲ, ਪੂਰਨ ਵਿਸ਼ਵਾਸ ਨਾਲ ਦ੍ਰਿੜ੍ਹ ਕਰਨ ਨਾਲ। ਚੰਚਲ–ਚੰਚਲ ਬਿਰਤੀ ਵਾਲੇ। ਅਚਲ–ਅਡੋਲ, ਸ਼ਾਂਤ। ਮਹਾਂ ਮਲ ਮੂਤ੍ਰ ਧਾਰੀ–ਮਹਾਨ ਮਲੀਨ ਪੁਰਖ। ਅਜੋਨਿ–ਜਨਮ-ਮਰਨ ਰਹਿਤ। ਅਕਾਲ -ਮੌਤ ਰਹਿਤ। ਅਮਰ ਪਦੁ–ਉਚ ਆਤਮ-ਅਵਸਥਾ। ਰੇਨੁ–ਚਰਨ-ਧੂੜ । ਤ੍ਰਿਕੁਟੀ–ਤ੍ਰਿਕਟ ਚਕ੍ਰ, ਦੋਹਾਂ ਭੌਹਾਂ ਦੇ ਵਿਚਲਾ ਥਾਂ। ਤ੍ਰਿਬੇਣੀ–ਇੜਾ,ਪਿੰਗਲਾ, ਸੁਖਮਨਾ ਤਿੰਨਾਂ ਨਾੜੀਆਂ ਦਾ ਸੰਗਮ-ਸਥਾਨ। ਆਪਾ ਆਪੁ–ਨਿਜ ਆਤਮ ਸਰੂਪ। ਚੀਨੇ ਹੈਂ–ਪਛਾਣਦੇ ਹਨ। ਬਰਨ ਅਬਰਨ ਭਏ–ਊਚ ਨੀਚ ਜਾਤਾਂ ਦੇ ਅਹੰਕਾਰ ਤੋਂ ਮੁਕਤ ਹੋ ਜਾਂਦੇ ਹਨ। ਨਿਵਾਰਿ ਡਾਰਿ–ਦੂਰ ਕਰ ਕੇ। ਨਿਰਭੈ–ਡਰ ਤੋਂ ਰਹਿਤ ਵਾਹਿਗੁਰੂ।

**ਅਰਥ** : ਸਤਿਗੁਰੂ ਦੀ ਮਤ ਨੂੰ, ਗੁਰ-ਉਪਦੇਸ਼ ਨੂੰ ਸਤਿ ਸਤਿ ਕਰ ਮੰਨਣ-ਕਮਾਉਣ ਨਾਲ, ਸਤਿਗੁਰੂ ਦੇ ਉਪਦੇਸ਼ ਨੂੰ ਪੂਰਨ ਵਿਸ਼ਵਾਸ ਨਾਲ ਦ੍ਰਿੜ੍ਹ ਕਰਨ ਨਾਲ ਚੰਚਲ ਬਿਰਤੀ ਵਾਲੇ ਮਨੁਖ ਅਡੋਲ ਤੇ ਸ਼ਾਂਤ ਹੋ ਜਾਂਦੇ ਹਨ ਅਤੇ ਮਹਾਨ ਮਲੀਨ-ਪ੍ਰਾਣੀ ਨਿਰਮਲ ਹੋ ਜਾਂਦੇ ਹਨ।

ਗੁਰੂ ਦੇ ਉਪਦੇਸ਼ ਨੂੰ ਸੱਚ ਕਰ ਦ੍ਰਿੜ੍ਹ ਕਰਨ ਵਾਲੇ ਜੋਨੀਆਂ ਵਿਚ ਭਟਕਣ ਤੋਂ ਬਚ ਕੇ ਜਨਮ-ਮਰਨ ਰਹਿਤ ਹੋ ਜਾਂਦੇ ਹਨ ਅਤੇ ਮੌਤ ਤੋਂ ਬਚ ਕੇ, ਕਾਲ-ਰਹਿਤ ਹੋ ਕੇ ਅਮਰ ਪਦ ਨੂੰ ਪ੍ਰਾਪਤ ਕਰ ਲੈਂਦੇ ਹਨ।

ਗੁਰੂ-ਉਪਦੇਸ਼ ਨੂੰ ਪੂਰਨ ਵਿਸ਼ਵਾਸ ਨਾਲ ਕਮਾਉਣ ਵਾਲੇ ਹਉਮੈ-ਹੰਕਾਰ ਨੂੰ ਛਡ ਕੇ ਚਰਨ-ਧੂੜ (ਨਿਮ੍ਰਤਾ ਵਾਲੇ) ਹੋ ਜਾਂਦੇ ਹਨ ਅਤੇ ਤ੍ਰਿਕੁਟੀ ਤੇ ਤ੍ਰਿਬੇਣੀ ਨੂੰ ਉਲੰਘ ਕੇ ਨਿਜ ਆਤਮ ਸਰੂਪ ਵਿਚ ਜਾ ਸਮਾਉਂਦੇ ਹਨ।

(ਨੋਟ : ਸ਼ਬਦ-ਸੁਰਤ ਅਭਿਆਸੀ ਜਨ ਤ੍ਰਿਕੁਟੀ ਆਦਿ ਚੱਕਰਾਂ ਅਤੇ ਇੜਾ ਪਿੰਗਲਾ ਸੁਖਮਨਾ ਨਾੜੀਆਂ ਦੇ ਗੇੜ ਵਿਚ ਨਹੀਂ ਪੈਂਦੇ, ਸਗੋਂ ਨਾਮ ਅਭਿਆਸ ਦੀ ਅਤੁਟ ਕਮਾਈ ਸਦਕਾ ਉਹ ਸਹਿਜੇ ਹੀ ਇਨ੍ਹਾਂ ਚਕਰਾਂ ਨੂੰ ਟਪ ਕੇ ਦਸਮ ਦੁਆਰ ਅਪੜਦੇ ਅਤੇ ਆਤਮ-ਅਨੰਦ ਮਾਣਦੇ ਹਨ)।

ਸਤਿਗੁਰੂ ਦੀ ਮਤ ਨੂੰ ਦ੍ਰਿੜ੍ਹ ਕਰ ਮੰਨਣ ਵਾਲੇ ਊਚ ਨੀਚ ਜਾਤਾਂ ਦੇ ਅਭਿਮਾਨ ਤੋਂ ਮੁਕਤ ਹੁੰਦੇ ਹਨ ਅਤੇ (ਸਭ ਤਰ੍ਹਾਂ ਦੇ) ਡਰ ਤੇ ਭਰਮ ਗੁਆ ਕੇ ਨਿਰਭੈ ਪ੍ਰਭੂ ਵਿਚ ਲੀਨ ਹੋ ਜਾਂਦੇ ਹਨ।੧੬।੨੪।

॥੧੭॥੨੫॥

ਗੁਰਮਤਿ ਸਤਿ ਕਰਿ ਅਧਮੁ ਅਸਾਧ ਸਾਧੁ, ਗੁਰਮਤਿ ਸਤਿ ਕਰਿ ਜੰਤੁ ਸੰਤੁ ਨਾਮੁ ਹੈ ॥
ਗੁਰਮਤਿ ਸਤਿ ਕਰਿ ਅਬਿਬੇਕੀ ਹੁਇ ਬਿਬੇਕੀ, ਗੁਰਮਤਿ ਸਤਿ ਕਰਿ ਨਾਮ ਨਿਹਕਾਮੁ ਹੈ ॥
ਗੁਰਮਤਿ ਸਤਿ ਕਰਿ ਅਗਜਾਨੀ ਬ੍ਰਹਮ-ਗਜਾਨੀ, ਗੁਰਮਤਿ ਸਤਿ ਕਰਿ ਸਹਜਿ ਬਿਸ੍ਰਾਮੁ ਹੈ ॥
ਗੁਰਮਤਿ ਸਤਿ ਕਰਿ ਜੀਵਨ ਮੁਕਤ ਭਏ, ਗੁਰਮਤਿ ਸਤਿ ਕਰਿ ਨਿਹਚਲ ਧਾਮੁ ਹੈ ॥

**ਪਦ ਅਰਥ** : ਅਧਮੁ–ਨੀਚ । ਅਸਾਧੁ–ਖੋਟਾ ਮਨੁਖ । ਸਾਧੁ–ਭਲਾ ਮਨੁਖ। ਜੰਤੁ–ਤੁਛ ਜੀਵ। ਅਬਿਬੇਕੀ–ਵਿਚਾਰ ਹੀਨ ਮਨੁਖ । ਬਿਬੇਕੀ–ਵਿਚਾਰਵਾਨ । ਕਾਮ–ਕਾਮਨਾਵਾਂ, ਵਾਸ਼ਨਾਵਾਂ । ਨਿਹਕਾਮ–ਨਿਸ਼ਕਾਮ। ਅਗਜਾਨੀ–ਅਗਿਆਨ ਅੰਧੇਰੇ ਵਿਚ ਭਟਕਣ ਵਾਲਾ ਮਨੁਖ। ਬਿਸ੍ਰਾਮੁ–ਵਾਸਾ। ਨਿਹਚਲ ਧਾਮੁ–ਬਿਨਾਸ ਨਾ ਹੋਣ ਵਾਲਾ ਅਸਥਾਨ।

*



www.AKJ.Org

# ੧੯੯੯ ਤੱਕ : ਖ਼ਾਲਸਾ ਪੰਥ ਦੇ ਟੀਚੇ

[ਪ੍ਰੋ: ਜੋਗਿੰਦਰ ਸਿੰਘ ਜੀ, ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

ਗੁਰੂ-ਕਾਲ ਵਿਚ ਤੇ ਗੁਰੂ-ਕਾਲ ਪਿਛੋਂ ੯੯ ਦਾ ਸਾਲ ਕੌਮ ਤੇ ਪੰਥ ਲਈ ਸਦਾ ਸੋਧਣ, ਸਿਰਜਨ, ਸ਼ਕਤੀ, ਸਥਾਪਤੀ ਤੇ ਸਾਰਥਿੱਕਤਾ ਦਾ ਸਾਲ ਸਥਾਪਿਤ ਹੋਇਆ ਹੈ। ੧੪੯੯ ਦੇ ਸਾਲ ਵਿਚ ਗੁਰੂ ਨਾਨਕ ਦੇਵ ਜੀ ਨੇ ਧਰਤਿ-ਲੁਕਾਈ ਨੂੰ ਸੋਧਣ ਦਾ ਸੰਕਲਪ ਲਿਆ ਸੀ, ੧੫੯੯ ਵਿਚ ਗੁਰੂ ਅਰਜਨ ਦੇਵ ਜੀ ਨੇ ੪੦੦ ਸਾਲ ਦੇ ਭਾਰਤੀ ਤੇ ਅਧਿਆਤਮਕ ਮਹਾਂ ਪੁਰਸ਼ਾਂ ਦੀ ਬਾਣੀ ਨੂੰ ਕੇਂਦਰਿਤ ਕਰਨ ਤੇ ਸੰਪਾਦਨ ਦਾ ਸਿਰਜਨਾਤਨਿਕ ਨਿਰਣਾ ਲਿਆ ਸੀ, ੧੬੯੯ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਨੂੰ ਖ਼ਾਲਸਾ ਰੂਪ ਵਿਚ ਸਜਾ ਕੇ ਪੰਥਕ-ਸ਼ਕਤੀ ਨੂੰ ਪ੍ਰਚੰਡ ਕੀਤਾ ਸੀ, ੧੭੯੯ ਦਾ ਸਾਲ ਤਾਂ ਪੰਜਾਬ ਲਈ 'ਖ਼ਾਲਸਾ ਰਾਜ' ਸਥਾਪਤੀ ਦਾ ਸਾਬਤ ਹੋਇਆ ਸੀ, ੧੮੯੯ ਦਾ ਸਾਲ ਧਰਮ ਤੇ ਵਿਦਿਆ-ਜਾਗ੍ਰਿਤੀ ਦਾ ਸਾਲ ਸਿੱਧ ਹੋਇਆ ਸੀ। ਮੇਰੀ ਕੀ, ਸਾਰੇ ਖ਼ਾਲਸਾ ਪੰਥ ਦੀ ਹਾਰਦਿਕ ਇੱਛਾ ਹੈ ਕਿ ੧੯੯੯ ਦਾ ਸਾਲ ਖਾਲਸਾ ਪੰਥ ਲਈ ਚੜ੍ਹਦੀ ਕਲਾ ਤੇ ਨਾਨਕ-ਰਾਜ ਦਾ ਸਾਲ ਸਥਾਪਿਤ ਹੋਵੇ ਅਤੇ ਉਜਾਗਰ ਵੀ ਹੋਵੇ। ੧੯੯੯ ਦੇ ਸਾਲ ਨੂੰ ਜੇ ਕੌਮ ਤੇ ਪੰਥ ਲਈ ਸਾਰਥਿਕ ਸਿਰਜਣਾ ਹੈ, ਤਾਂ ਨਿਸਚੇ ਹੀ ਖ਼ਾਲਸਾ ਪੰਥ ਨੂੰ ਸਿਰਜਨਾਤਮਿਕ ਟੀਚੇ ਮਿਥਣੇ ਪੈਣਗੇ। ਬਿਨਾ ਟੀਚਿਆਂ ਕਦੀ ਵੀ ਕੋਈ ਕੌਮ ਜਾਂ ਪੰਥ ਨਾ ਕੁਝ ਸਿਰਜ-ਸੰਵਾਰ ਸਕਦਾ ਹੈ, ਨਾ ਵਿਰਸੇ ਦੀ ਸੰਭਾਲ ਤੇ ਸੁਰੱਖਿਆ ਕਰ ਸਕਦਾ ਹੈ ਅਤੇ ਨਾ ਹੀ ਭਵਿੱਖ ਨੂੰ ਉੱਜਲ ਤੇ ਸਫ਼ਲ ਸਿਖਰਾਂ ਪ੍ਰਦਾਨ ਕਰ ਸਕਦਾ ਹੈ। "੧੯੯੯ ਤੱਕ : ਖਾਲਸਾ ਪੰਥ ਦੇ ਟੀਚੇ" ਕੀ ਹੋਣ, ਇਸ ਪ੍ਰਸੰਗ ਤੇ ਸੰਦਰਭ ਵਿਚ 'ਟੀਚਿਆਂ' ਦੀ ਚਰਚਾ ਛੇੜਨੀ ਆਪਣਾ ਫ਼ਰਜ਼ ਤੇ ਅਧਿਕਾਰ ਸਮਝਦਾ ਹਾਂ। ਪੰਜਾਬ ਤੇ ਪੰਥ ਦਾ ਅਜੋਕਾ ਸੰਘਰਸ਼, ਸੰਕਟ ਤੇ ਸੰਤਾਪ ਵੇਖ ਕੇ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਖਾਲਸਾ ਪੰਥ ਦੇ ਅਜਿਹੇ ਟੀਚੇ ਮਿਥੇ ਜਾਣ, ਤਾਂ ਕਿ ੧੯੯੯ ਦੇ ਸਾਲ ਵਿਚ ਕੌਮ ਜਾਂ ਪੰਥ ਨਾਨਕ-ਨਾਮ ਨਾਲ ਵੀ ਇਕਸੁਰ ਹੋ ਸਕੇ, ਜਹਾਂ ਜਹਾਂ ਖ਼ਾਲਸਾ ਰਹਿੰਦਾ ਹੈ, ਚੜ੍ਹਦੀ ਕਲਾ ਵਿਚ ਜੀਊ ਸਕੇ ਅਤੇ ਗੁਰ ਨਾਨਕ ਦੇਵ ਜੀ ਤੇ ਸਾਰੀ ਗੁਰੂ-ਪਰੰਪਰਾ ਅਨੁਸਾਰ, ਬਿਨਾ ਕਿਸੇ ਵੰਡ-ਵਿਤਕਰੇ ਦੇ, ਸਮੁੱਚੀ ਮਾਨਸ ਜਾਤਿ ਲਈ ਸਰਬੱਤ ਦਾ ਭਲਾ ਸਮਰੱਥ ਗੁਰੂ-ਪਰਮੇਸ਼ਰ ਕੋਲੋਂ ਮੰਗ ਸਕੇ। ਖ਼ਾਲਸਾ ਪੰਥ ਦੇ ਟੀਚਿਆਂ ਨੂੰ ਇਸ ਤਰ੍ਹਾਂ ਉਲੀਕਿਆ ਜਾ ਸਕਦਾ ਹੈ :

੧) **ਕੌਮ ਦੀ ਏਕਤਾ** : ਕੌਮ ਜਾਂ ਪੰਥ ਦੀ ਸਾਰੀ ਸਿਰਜਨਾ 'ਏਕਤਾ' ਉਤੇ ਆਧਾਰਤ ਹੈ।

(ੳ) ਕੌਮ ਦਾ 'ਗੁਰੂ' ਇਕ ਹੀ ਹੈ, ਭਾਵੇਂ 'ਜਾਮੇ' ੧੦ ਹਨ। ਸਾਰੇ 'ਗੁਰੂ-ਜਾਮੇ' ਆਪਣੇ ਆਪ ਨੂੰ 'ਨਾਨਕ-ਗੁਰੂ'

---

* **ਅਰਥ** :–ਗੁਰੂ ਦੀ ਮਤ ਨੂੰ ਸਤਿ ਕਰ ਗ੍ਰਹਿਣ ਕਰਨ ਨਾਲ ਨੀਚ ਤੇ ਖੋਟਾ ਮਨੁਖ, ਭਲਾ ਮਨੁਖ ਹੋ ਜਾਂਦਾ ਹੈ ਤੇ ਅਤੇ ਗੁਰ-ਉਪਦੇਸ਼ (ਗੁਰਮੰਤ੍ਰ) ਨੂੰ ਦ੍ਰਿੜ੍ਹ ਕਰ ਕੇ ਕਮਾਉਣ ਵਾਲਾ ਪ੍ਰਾਣੀ ਤੁਛ ਜੀਵ ਤੋਂ 'ਸੰਤ' ਨਾਮ ਵਾਲਾ ਹੋ ਜਾਂਦਾ ਹੈ।

ਗੁਰਮਤਿ ਨੂੰ ਸਤਿ ਕਰ ਮੰਨਣ ਵਾਲਾ ਵਿਚਾਰ-ਹੀਨ ਪ੍ਰਾਣੀ ਵਿਚਾਰ ਵਾਲਾ ਹੋ ਜਾਂਦਾ ਹੈ। ਗੁਰੂ ਦੇ ਉਪਦੇਸ਼ ਨੂੰ ਸੱਚ ਸੱਚ ਕਰ ਕੇ ਮੰਨਣ ਨਾਲ ਸਭ ਕਾਮਨਾ ਮੁਕ ਜਾਂਦੀਆਂ ਹਨ ਅਤੇ ਨਿਸ਼ਕਾਮ ਹੋ ਜਾਈਦਾ ਹੈ।

ਗੁਰੂ ਦੀ ਮਤਿ ਨੂੰ ਸਤਿ ਸਤਿ ਕਰ ਕੇ ਮੰਨਣ ਨਾਲ ਅਗਿਆਨ-ਅੰਧੇਰੇ ਵਿਚ ਭਟਕ ਰਿਹਾ ਮਨੁਖ ਬ੍ਰਹਮ-ਗਿਆਨ-ਅਵਸਥਾ ਨੂੰ ਅਪੜ ਜਾਂਦਾ ਹੈ। ਗੁਰਮਤਿ ਨੂੰ ਪੂਰਨ ਭਰੋਸੇ ਨਾਲ ਦ੍ਰਿੜ੍ਹ ਕਰ ਕੇ ਕਮਾਉਣ ਨਾਲ ਸਹਜ ਅਵਸਥਾ ਵਿਚ ਵਾਸਾ ਹੋ ਜਾਂਦਾ ਹੈ।

ਗੁਰੂ-ਉਪਦੇਸ਼ ਨੂੰ ਸੱਚ ਕਰਿ ਮੰਨਣ ਨਾਲ ਜੀਊਂਦੇ-ਜੀ ਮੁਕਤ ਹੋ ਜਾਈਦਾ ਹੈ ਅਤੇ ਗੁਰੂ ਦੀ ਮਤਿ ਨੂੰ ਦ੍ਰਿੜ੍ਹ ਕਰ ਕ ਕਮਾਉਣ ਨਾਲ ਅਟੱਲ ਅਸਥਾਨ, ਭਾਵ, ਪ੍ਰਭੂ ਦੇ ਉਚ ਮੰਡਲ ਨੂੰ ਪ੍ਰਾਪਤ ਕਰ ਲਈਦਾ ਹੈ।੧੭।੨੫।



www.AKJ.Org

ਹੀ ਅਖਵਾਂਦੇ ਹਨ। ੧੪੬੯ ਈ: ਤੋਂ ਲੈ ਕੇ ੧੭੦੮ ਈ: ਤੱਕ, ੨੩੯ ਸਾਲਾਂ ਵਿਚ ਦੱਸਾਂ ਗੁਰੂ-ਜਾਮਿਆਂ ਵਿਚ ਗੁਰਿਆਈ, ਗੁਰਤਾ ਤੇ ਗੁਰੂ-ਸਿੰਘਾਸਣ ਉਤੇ ਬਿਰਾਜਮਾਨ ਹੋਣ ਵਾਸਤੇ ਕਦੀ ਵੀ ਦਵੈਤ ਜਾਂ ਝਗੜਾ ਨਹੀਂ ਉਪਜਿਆ। ਸਾਰੇ ਗੁਰੂ-ਸਾਹਿਬਾਨ ਵਿਚ 'ਗੁਰੂ ਨਾਨਕ-ਜੋਤਿ ਤੇ ਜੁਗਤਿ' ਵਰਤ ਰਹੀ ਹੈ। ਸਾਰੇ ਗੁਰੂ ਸਾਹਿਬਾਨ ਨੇ ਹੁਕਮ-ਹਜ਼ੂਰੀ ਦਾ ਨਦਰਿ-ਨੀਸਾਨ ਪ੍ਰਾਪਤ ਕਰ ਕੇ ਹੀ ਗੁਰੂ-ਸਿੰਘਾਸਣ ਪ੍ਰਾਪਤ ਕੀਤਾ ਹੈ। ਆਕੀ ਜਾਂ ਬਾਗੀ ਹੋ ਕੇ ਜਾਂ ਧੱਕੇਸ਼ਾਹੀ ਨਾਲ ਗੁਰੂ-ਸਿੰਘਾਸਣ ਪ੍ਰਾਪਤ ਨਹੀਂ ਕੀਤਾ।

(ਅ) ਕੌਮ ਕੋਲ 'ਖਸਮ ਦੀ ਬਾਣੀ' ਜਾਂ 'ਸੱਚ ਦੀ ਬਾਣੀ' ਵੀ ਇਕ ਹੈ, ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਦੀ ਬਾਣੀ ਸਾਰੇ ਸਿੱਖ ਸੱਚੀ ਬਾਣੀ ਦਾ ਹੀ ਪਾਠ, ਦਰਸ਼ਨ ਤੇ ਦੀਦਾਰ ਕਰਦੇ ਹਨ। ਇਹ ਸਾਰੀ ਬਾਣੀ ਵੀ ਕੌਮ ਲਈ ਇਕ 'ਗੁਰੂ' ਦਾ ਪੱਦ ਜਾਂ ਸਥਾਨ ਰਖਦੀ ਹੈ।

(ੲ) ਗੁਰੂ-ਬਾਣੀ ਦੀ ਕਾਵਿ-ਸ਼ੈਲੀ ਵਿਚ ਵਿਲੱਖਣਤਾ ਤਾਂ ਸਪੱਸ਼ਟ ਹੈ, ਪਰ ਅਨੁਭਵ-ਪ੍ਰਕਾਸ਼, ਉਪਦੇਸ਼-ਆਦੇਸ਼, ਸਹਿਜ-ਸੰਦੇਸ਼ ਤੇ ਮੰਡਲ-ਅਨੰਦ ਵੀ ਇਕ ਹੀ ਹੈ। ਜਿਵੇਂ ਗੁਰੂ-ਪਾਤਿਸ਼ਾਹਾਂ ਵਿਚ ਰੰਚਕ ਵੀ ਫ਼ਰਕ ਨਹੀਂ, ਇਸੇ ਤਰ੍ਹਾਂ ਗੁਰੂ-ਉਪਦੇਸ਼ ਵਿਚ ਵੀ ਏਕਤਾ ਤੇ ਇਕਸੁਰਤਾ ਹੈ।

(ਸ) ਕੌਮ ਵਿਚ ਸਿਧਾਂਤਕ ਦ੍ਰਿਸ਼ਟੀ ਤੋਂ ਰੂਪ-ਰੰਗ, ਜਾਤਿ-ਪਾਤਿ, ਅਮੀਰ-ਗਰੀਬ, ਊਚ-ਨੀਚ ਦਾ ਵਿਤਕਰਾ-ਵੰਡ ਵੀ ਬਿਲਕੁੱਲ ਨਹੀਂ। 'ਗੁਰੂ-ਕਾਲ' ਦੀ ਵਿਸ਼ੇਸ਼ਤਾ ਹੀ ਇਹ ਹੈ ਕਿ ਉਹਨਾਂ ਨੇ ਬਿਰਤੀ ਤੋਂ ਲੈ ਕੇ ਵਿਹਾਰ ਤੱਕ, ਕਿਸੇ ਵੀ ਅਜਿਹੇ ਕਰਮ ਨੂੰ ਸਵੀਕਾਰ ਜਾਂ ਮਹੱਤਵ ਨਹੀਂ ਦਿੱਤਾ, ਜਿਹੜੀ ਏਕਤਾ ਜਾਂ ਇਕਸਾਰਤਾ ਨੂੰ ਭੰਗ ਕਰ ਕੇ ਮਾਨਸ ਜਾਤਿ ਨੂੰ ਖੰਡਿਤ ਕਰੇ।

(ਹ) ਸਭ ਨੂੰ ਮਿੱਤਰ, ਸਭ ਨੂੰ ਬਰਾਬਰ, ਸਭ ਨੂੰ ਸਾਜਨ, ਸਭ ਦਾ ਭਲਾ—ਇਹ ਪਰਵਿਰਤੀ ਗੁਰੂ-ਬਾਣੀ-ਉਪਦੇਸ਼ ਤੇ ਕੌਮੀ-ਵਿਹਾਰ ਵਿਚ ਸਦਾ ਪ੍ਰਥਮ ਤੇ ਪ੍ਰਚੰਡ ਰਹੀ ਹੈ।

(ਕ) ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ: ਦੀ ਵਿਸਾਖੀ ਨੂੰ ਜੋ 'ਅੰਮ੍ਰਿਤ' ਪਹਿਲਾਂ ਪੰਜਾਂ ਸਿੱਖਾਂ ਨੂੰ ਛਕਾਇਆ, ਫਿਰ 'ਆਪੇ ਗੁਰ-ਚੇਲਾ' ਬਣ ਕੇ ਪੰਜਾਂ ਪਿਆਰਿਆਂ ਕੋਲੋਂ ਜਿਵੇਂ ਆਪ ਛੱਕਿਆ, ਉਸ ਨੇ ਕੌਮ ਦੀ ਏਕਤਾ ਨੂੰ ਐਸੀ 'ਖਾਲਸਾ-ਮੁਹਰ' ਪ੍ਰਦਾਨ ਕੀਤੀ ਹੈ, ਜਿਸ ਵਿਚੋਂ ਧਾਰਮਿਕ, ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਸਭ ਵਿਤਕਰੇ ਪੂਰੀ ਤਰ੍ਹਾਂ ਸਮਾਪਤ ਹੋ ਗਏ ਹਨ। 'ਖਾਲਸਾ' ਗੁਰੂ ਹੋ ਗਿਆ ਹੈ ਤੇ 'ਗੁਰੂ' ਖਾਲਸੇ ਦਾ ਹੋ ਗਿਆ ਹੈ।

ਗੁਰੂ-ਪਾਤਿਸ਼ਾਹਾਂ ਦੀ ਸਿਰਜੀ 'ਕੌਮੀ-ਏਕਤਾ' ਨੂੰ ਖਾਲਸਾ ਪੰਥ ਦੀ ਅਜੋਕੀ ਸਿਰਜੀ-ਸਥਿਤੀ ਦੇ ਪ੍ਰਸੰਗ ਤੇ ਸੰਦਰਭ ਵਿਚ ਜੇ ਵੇਖੀਏ-ਵਾਚੀਏ, ਤਾਂ ਇਹ ਕਹਿਣਾ ਯੋਗ ਲਗਦਾ ਹੈ, ਕਿ 'ਖਾਲਸਾ ਪੰਥ' ਆਪਣੇ ਸਿਰਜਨਾਤਮਿਕ ਰੂਪ ਵਿਚ ਇਕ ਅਤੇ ਇਕਸੁਰ ਹੋਣ ਦੇ ਬਾਵਜੂਦ ਵੀ ਅੱਜ ਇੰਨਾ ਖੰਡ ਖੰਡ ਤੇ ਖੰਡਿਤ ਹੋ ਗਿਆ ਹੈ ਕਿ ੧੯੯੯ ਤੱਕ ਇਸ ਦੇ ਅਖੰਡ ਹੋਣ ਦਾ ਕੋਈ ਚਿੰਤਨ ਵੀ ਨਹੀਂ ਕਰ ਸਕਦਾ। ਜੇ ਕੌਮ ਨੇ ਧਾਰਮਿਕ ਸਮਾਜਕ, ਸਭਿਆਚਾਰਕ ਤੇ ਰਾਜਸੀ ਪੱਧਰ ਉਤੇ ਖੰਡਿਤ ਜਾਂ ਟੋਟੇ ਟੋਟੇ ਹੀ ਰਹਿਣਾ ਹੈ, ਤਾਂ ਸਪੱਸ਼ਟ ਸਮਝੋ ਕਿ ਕੌਮ ਵਿਚ ਨਾਨਕ-ਨਾਮ, ਚੜ੍ਹਦੀ ਕਲਾ ਤੇ ਸਰਬੱਤ ਦਾ ਭਲਾ ਆ ਹੀ ਨਹੀਂ ਸਕਦਾ। ਕੌਮ ਦੀ ਵਡਿਆਈ 'ਏਕਤਾ' ਵਿਚ ਹੈ। ਖਾਲਸਾ ਕੌਮ ਦੀ 'ਸ਼ਕਤੀ' ਵੀ ਏਕਤਾ ਵਿਚ ਹੀ ਹੈ। ੧੯੯੯ ਤੱਕ : ਖਾਲਸਾ ਪੰਥ ਜੇ 'ਕੌਮੀ ਏਕਤਾ' ਦਾ ਟੀਚਾ ਮਿੱਥ ਕੇ, ਆਪਸੀ ਇਕਸੁਰਤਾ ਪ੍ਰਾਪਤ ਕਰ ਲਵੇ, ਤਾਂ ਨਿਸਚੇ ਹੀ ਖਾਲਸਾ ਪੰਥ ਦਾ ਮੁਖ ਤੇ ਭਵਿੱਖ ਉੱਜਲ ਹੋ ਸਕਦਾ ਹੈ। ਜਾਤੀ ਤੇ ਜਮਾਤੀ ਦੋਹਾਂ ਪੱਧਰਾਂ ਉਤੇ ਉੱਜਲ-ਮੁੱਖ ਹੋਣਾ ਹੀ ਗੁਰੂ ਦੀ ਖੁਸ਼ੀ ਤੇ ਪਰਵਾਨਗੀ ਹੈ।

(੨) **ਕੌਮ ਦੀ ਵਿਲੱਖਣਤਾ :** ਕੌਮ ਦਾ ਜੋ ਜਥੇਬੰਦਕ ਸਰੂਪ ਗੁਰੂ-ਪਾਤਿਸ਼ਾਹਾਂ ਨੇ, ਖ਼ਾਸ ਕਰ ਕੇ, ਗੁਰੂ ਗੋਬਿੰਦ ਸਿੰਘ ਜੀ ਨੇ ਸਿਰਜਿਆ ਤੇ ਸਥਾਪਿਤ ਕੀਤਾ ਹੈ, ਉਹ ਇੰਨਾ ਮੌਲਿਕ, ਨਿਆਰਾ ਤੇ ਵਿਲੱਖਣ ਹੈ ਕਿ ਕੌਮ ਦਾ ਹਰ ਮੈਂਬਰ ਜਿੱਥੇ ਵੀ ਆਪਣੀ ਕਿਰਤ ਕਾਰਨ ਰਹਿੰਦਾ ਹੈ, ਉਹ ਜ਼ਾਤੀ ਤੌਰ ਤੇ ਵੀ ਆਪਣੀ ਵਿਲੱਖਣ



www.AKJ.Org

ਪਛਾਣ ਰੱਖਦਾ ਹੈ ਅਤੇ ਜਥੇਬੰਦਕ ਤੌਰ ਤੇ ਵੀ ਉਸ ਦੀ ਵੱਖਰੀ ਪਛਾਣ ਸਥਾਪਿਤ ਹੈ। ਕੌਮ ਦੀ ਵੱਖਰੀ ਪਛਾਣ ਦਾ ਸਪੱਸ਼ਟ ਆਧਾਰ ਹੈ—ਉਸ ਦਾ 'ਸਰਦਾਰ-ਸਰੂਪ'।

(ੳ) ਕੌਮ ਨੇ ਸਦਾ ਸਰਦਾਰ-ਸਰੂਪ ਵਿਚ ਜੀਊਣਾ ਹੈ। ਸਿੱਖ ਨੇ ਆਤਮਕ-ਖੇਤਰ ਵਿਚ ਵੀ 'ਸਰਦਾਰ' ਰਹਿਣਾ ਹੈ, ਸਮਾਜਕ ਤੇ ਰਾਜਨੀਤਕ-ਖੇਤਰ ਵਿਚ ਵੀ ਉਸ ਨੇ ਆਪਣੀ 'ਸਰਦਾਰੀ' ਨੂੰ ਸਥਾਪਿਤ ਤੇ ਸੁਰੱਖਿਅਤ ਰੱਖਣਾ ਹੈ। ਸਰਦਾਰ ਜਾਂ ਸਰਦਾਰੀ ਦਾ ਇਕ ਭਾਵ 'ਅਗਵਾਈ' ਹੈ ਜਾਂ 'ਅਗਾਂਹ ਨੂੰ ਤ੍ਰਾਂਘਣਾ' ਹੈ। ਸਿੱਖ ਕੌਮ ਨੇ ਆਪਣੇ ਆਪ ਨੂੰ ਕਦੀ ਦੂਜੇ-ਤੀਜੇ ਦਰਜੇ ਦਾ ਸ਼ਹਿਰੀ ਨਹੀਂ ਰੱਖਿਆ, ਉਹ ਸਦਾ ਨਿਆਂ ਤੇ ਬਰਾਬਰਤਾ ਦੇ ਅਧਿਕਾਰ ਦਾ ਆਸ਼ਕ ਰਿਹਾ ਹੈ। ਗੁਰੂ ਸਾਹਿਬਾਨ ਨੇ ਸਿੱਖ ਨੂੰ ਆਤਮਕ ਸਰਦਾਰ ਬਣਨ ਲਈ ਸੱਚ, ਨਿਮ੍ਰਤਾ, ਮਿੱਠਤ, ਸੇਵਾ ਤੇ ਸਮਰਪਣ ਦਾ ਗੁਣ-ਧਨ ਪ੍ਰਦਾਨ ਕੀਤਾ ਹੈ। ਆਤਮਕ-ਗੁਣ-ਧਨ ਵਾਲਾ ਸਦਾ ਉੱਚਾ ਹੈ, ਸਦਾ ਸਰਦਾਰ ਹੈ, ਸਦਾ ਅਗਾਹਾਂ ਵੱਧਣ ਤੇ ਫ਼ਤਹ ਵਾਲਾ ਹੈ। ਕੌਮ ਨੇ ਜੇ ਆਤਮਕ ਸਰਦਾਰੀ ਕਰਨੀ ਹੈ ਤਾਂ ਉਸ ਦੀ ਜੀਵਨ-ਕ੍ਰਿਆ ਦਾ ਇਹ 'ਗੁਣ-ਧਨ' ਖ਼ਾਸ ਸ਼ਿੰਗਾਰ ਬਣਨਾ ਚਾਹੀਦਾ ਹੈ। ਇਸ ਗੁਣ-ਧਨ ਵਾਲਾ ਸਿੱਖ ਜਿਥੇ ਵੀ ਜਾਵੇਗਾ, ਉਸ ਦਾ ਸਤਿਕਾਰ ਤੇ ਮਾਣ ਸਹਿਜੇ ਹੀ ਹੋਵੇਗਾ।

(ਅ) ਕੌਮ ਦੇ ਸਰਦਾਰ-ਸਰੂਪ ਵਿਚ ਅੰਮ੍ਰਿਤ, ਦਸਤਾਰ, ਪੰਜ ਕਕਾਰ ਤੇ ਰਹਿਤ ਵੀ ਬੜੇ ਮਹੱਤਵ ਭਰਪੂਰ ਤੱਤ ਹਨ। ਅੰਮ੍ਰਿਤ ਬਿਨਾਂ ਭੇਖੀ ਸਰਦਾਰ ਤਾਂ ਹੋ ਸਕਦਾ ਹੈ, ਪਰ ਸਿੰਘ ਸਰਦਾਰ ਨਹੀਂ। ਅੰਮ੍ਰਿਤਧਾਰੀ ਸਿੰਘ ਸਰਦਾਰ ਕੋਲ ਸ਼ੇਰ ਵਰਗੀ ਗਰਜ ਹੁੰਦੀ ਹੈ। ਦਲੇਰੀ, ਜੁਰਅੱਤ, ਵੰਗਾਰ ਤੇ ਕੁਰਬਾਨੀ ਉਸ ਦੇ ਸ਼ਿੰਗਾਰ ਹੁੰਦੇ ਹਨ। ਅੰਮ੍ਰਿਤ ਜਿਥੇ ਸਿੱਖ ਨੂੰ ਮੈਲ-ਮੁਕਤ ਤੇ ਪਵਿੱਤਰ ਸਿਰਜਦਾ ਹੈ, ਉਥੇ 'ਅੰਮ੍ਰਿਤ' ਗੁਰਬਾਣੀ, ਨਿਤਨੇਮ ਤੇ ਪ੍ਰੇਮ ਵਾਲਾ ਵੀ ਬਣਾਂਦਾ ਹੈ। ਜੇ ਸਾਰੀ ਕੌਮ ਗੁਰੂ, ਬਾਣੀ, ਨਿਤਨੇਮ ਤੇ ਪ੍ਰੇਮ ਵਾਲੀ ਹੋ ਜਾਵੇ ਤਾਂ ਨਿਸਚੇ ਹੀ ਉਸਦੇ ਜੀਵਨ ਵਿਚੋਂ ਦੁਬਿੱਧਾ ਤੇ ਦਵੈਤ ਨਿਕਲ ਜਾਣਗੇ, ਭਰਮ ਤੇ ਬੰਧਨ ਟੁਟ ਜਾਣਗੇ। ਭਰਮ ਤੇ ਬੰਧਨ ਟੁੱਟਣ ਨਾਲ ਹੀ ਆਤਮ-ਬੱਲ ਆਵੇਗਾ। ਸਿਰ ਦੇ ਕੇ ਹੀ ਗੁਰੂ ਦਾ ਪਿਆਰਾ ਬਣਿਆ ਜਾ ਸਕਦਾ ਹੈ, ਗੁਰੂ ਦਾ ਬਲ ਪੈਦਾ ਕੀਤਾ ਜਾ ਸਕਦਾ ਹੈ। 'ਅੰਮ੍ਰਿਤ' ਆਤਮ-ਬੱਲ ਨੂੰ ਸ਼ਹੀਦ ਦੀ ਪੱਦਵੀ ਤਕ ਲੈ ਜਾਂਦਾ ਹੈ। ਕੌਮ ਦੀ ਵਿਲੱਖਣਤਾ ਦੀ ਇਹ ਪਛਾਣ ਸ਼ਹੀਦਾਂ ਕਰਕੇ ਵੀ ਹੈ। ਜਿੰਨਾ ਸ਼ਹੀਦੀ ਵਿਰਸਾ ਖਾਲਸਾ ਕੌਮ ਕੋਲ ਹੈ, ਉਹ ਅੰਮ੍ਰਿਤ ਦੀ ਕਰਾਮਾਤ ਹੀ ਕਹਿਣਾ ਚਾਹੀਦਾ ਹੈ। ਅੰਮ੍ਰਿਤ ਨੇ ਧਰਮ-ਯੁੱਧ ਦਾ ਜਿਹੜਾ ਜੀਵਨ ਸਿਰਜਿਆ ਹੈ, ਉਸ ਦਾ ਸਿੱਟਾ ਹੀ ਹੈ ਕਿ ਕੌਮ ਦੀ ਜੀਊਣ-ਕ੍ਰਿਆ ਹਿੰਦੂ ਅਤੇ ਮੁਸਲਮਾਣ ਤੋਂ ਸਹਿਜੇ ਹੀ ਵਖਰੀ ਹੋ ਗਈ ਹੈ। ਕੌਮ ਦਾ ਮੁੱਖ ਸਦਾ ਸਵੈਮਾਣ ਵਾਲਾ ਹੈ।

(ੲ) ਕੌਮ ਦੇ ਸਰਦਾਰ-ਸਰੂਪ ਦਾ ਇਕ ਚਿੰਨ੍ਹ 'ਦਸਤਾਰ' ਵੀ ਹੈ। *ਦਸਤਾਰ ਨਾਲ ਕੌਮ ਦੀ ਸਰਦਾਰੀ ਵੀ ਹੈ, ਸਵੈਮਾਣ ਅਤੇ ਸੁਹਜ ਵੀ ਹੈ। 'ਦਸਤਾਰ' ਵਾਲਾ ਭਾਵੇਂ ਲੱਖਾਂ ਵਿਚ ਇਕ ਹੀ ਹੋਵੇ, ਉਹ ਦੂਰੋਂ ਹੀ ਪਛਾਣਿਆ ਜਾਂਦਾ ਹੈ ਕਿ ਉਹ ਸਰਦਾਰ ਹੈ। ਦਸਤਾਰ ਨਾਲ ਗੁਰੂ ਦਾ, ਖ਼ਾਸ ਕਰ ਕੇ ਖਾਲਸੇ ਦਾ ਸਾਰਾ ਚਰਿੱਤਰ ਜੁੜਿਆ ਹੋਇਆ ਹੈ। ਕੌਮ ਦੇ ਚਰਿੱਤਰ ਦਾ ਇਕ ਗੁਣ ਪਤਿ ਸੇਤੀ ਜੀਊਣਾ ਵੀ ਹੈ। 'ਦਸਤਾਰ' ਸਰਦਾਰ ਦੇ ਪਤਿ ਸੇਤੀ ਜੀਊਣ ਦਾ ਪ੍ਰਤੀਕ ਵੀ ਹੈ। ਇਹੀ ਕਾਰਨ ਹੈ ਕਿ ਕੌਮ ਦੀ ਪਤਿ ਤੇ ਪੱਗ ਇਕੋ ਅਰਥਾਂ ਵਾਲੇ ਸ਼ਬਦ ਹੀ ਸਵੀਕਾਰ ਕੀਤੇ ਜਾਂਦੇ ਹਨ। ਜਿਵੇਂ ਕੌਮ ਲਈ ਪਤਿ ਜ਼ਰੂਰੀ ਹੈ, ਇਸੇ ਤਰ੍ਹਾਂ ਕੌਮ ਦੀ ਪੱਗ ਨੂੰ ਸੁਰੱਖਿਅਤ ਰਖਣਾ ਵੀ ਜ਼ਰੂਰੀ ਹੈ। 'ਪੱਗ' ਵਾਲਾ ਕਦੀ ਗ਼ੁਲਾਮ ਨਹੀਂ ਰਿਹਾ। ਉਹ ਸਦਾ ਅਣਖ ਤੇ ਆਜ਼ਾਦੀ ਨਾਲ ਹੀ ਰਹਿੰਦਾ ਹੈ। ਇਹੀ ਕਾਰਨ ਹੈ ਕਿ ਪਹਿਲਾਂ ਵੀ ਤੇ ਭਾਰਤੀ ਆਜ਼ਾਦੀ ਪਿਛੋਂ ਵੀ ਹਰ ਸਰਕਾਰ ਨੇ ਕੌਮ ਦੀ ਪਤਿ ਤੇ ਪੱਗ, ਅਣਖ ਤੇ ਆਜ਼ਾਦੀ ਨੂੰ ਵੰਗਾਰਿਆ ਹੈ। ਕੌਮ ਦੇ ਹੱਡਾਂ ਵਿਚ ਚੂੰਕਿ ਪਤਿ, ਅਣਖ ਤੇ ਆਜ਼ਾਦੀ ਦੇ ਬੀਜ ਪਾਏ ਹੋਏ ਹਨ, ਇਸ ਕਰਕੇ ਕੌਮ ਸਦਾ

*ਅੰਮ੍ਰਿਤ ਛਕ ਕੇ ਅਤੇ ਪੰਜ-ਕਕਾਰੀ ਰਹਿਤ ਧਾਰਨ ਕਰ ਕੇ ਇਸਤ੍ਰੀ ਪੁਰਸ਼ ਦੋਵੇਂ ਹੀ 'ਖ਼ਾਲਸਾ' ਹਨ। ਦੋਹਾਂ ਲਈ ਰਹਿਤ-ਰਹਿਣੀ ਇਕ ਹੈ। ਪੁਰਸ਼ ਵਾਂਗ ਇਸਤ੍ਰੀ ਦੀ ਵੀ ਸਰਦਾਰੀ ਦਸਤਾਰ ਕਰਕੇ ਹੈ। —ਸੰਪਾਦਕ



www.AKJ.Org

ਸੰਘਰਸ਼, ਸੰਕਟ ਤੇ ਸੰਤਾਪ ਵਿਚ ਰਹੀ ਹੈ।

(ਸ) ਕੌਮ ਦਾ ਸਰਦਾਰ ਤੇ ਜਥੇਬੰਦਕ ਸਰੂਪ 'ਪੰਜ ਕਕਾਰ' ਹਨ। 'ਪੰਜ ਕਕਾਰ' ਕੌਮ ਦੀ ਪੋਸ਼ਾਕ ਹਨ। ਇਹ ਪੋਸ਼ਾਕ—ਅੰਮ੍ਰਿਤਧਾਰੀ ਦੀ ਪਛਾਣ ਦਾ ਚਿੰਨ੍ਹ ਹੈ। 'ਪੰਜ ਕਕਾਰ' ਦਾ ਸਾਬਤ-ਸੂਰਤ-ਜੀਵਨ ਕੌਮ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ ਹੈ। ਜੇ ਕੌਮ ਦਾ ਹਰ ਮੈਂਬਰ ਅੰਮ੍ਰਿਤਧਾਰੀ ਹੋ ਜਾਵੇ, ਪੰਜ-ਕਕਾਰੀ ਹੋ ਜਾਵੇ, ਖ਼ਾਲਸਾ ਹੋ ਜਾਵੇ, ਵਾਹਿਗੁਰੂ ਦਾ ਹੋ ਜਾਏ, ਫ਼ਤਹ ਦੇ ਸਮਰੱਥ ਹੋ ਜਾਵੇ, ਤਾਂ ਕੌਮ ਸ਼ਕਤੀਸ਼ਾਲੀ ਹੋ ਜਾਏਗੀ। ਸ਼ਕਤੀ ਨਾਲ ਕੌਮ ਚੜ੍ਹਦੀ ਕਲਾ ਵਿਚ ਜਾਵੇਗੀ। ਚੜ੍ਹਦੀ ਕਲਾ ਵੀ ਕੌਮ ਦੀ ਵਿਲੱਖਣਤਾ ਦਾ ਇਕ ਚਿੰਨ੍ਹ ਹੈ। ਚੜ੍ਹਦੀ ਕਲਾ ਵਾਲਾ ਕਦੀ ਨਿਰਾਸ਼ ਜਾਂ ਉਦਾਸ ਨਹੀਂ ਹੋਇਆ। ਇਹੀ ਕਾਰਨ ਹੈ ਕਿ 'ਕੌਮ' ਬੰਦ ਬੰਦ ਕਟਵਾ ਕੇ, ਖੋਪਰੀਆਂ ਲੁਹਾ ਕੇ, ਚਰਖੜੀਆਂ ਉਤੇ ਚੜ੍ਹ ਕੇ, ਆਰਿਆਂ ਨਾਲ ਚਿਰ ਕੇ, ਦੇਗਾਂ ਵਿਚ ਉਬਾਲੇ ਖਾ ਕੇ ਵੀ ਕਦੀ ਹਾਰੀ ਨਹੀਂ, ਕਦੀ ਟੁੱਟੀ ਨਹੀਂ, ਸਦਾ ਚੜ੍ਹਦੀ ਕਲਾ ਵਿਚ ਰਹੀ ਹੈ।

(ਹ) ਕੌਮ ਦੇ ਸਰਦਾਰ-ਸਰੂਪ ਦਾ ਇਕ ਆਧਾਰ 'ਰਹਿਤ' ਵੀ ਹੈ। ਰਹਿਤ ਦਾ ਇਕ ਸਰੂਪ ਧਾਰਮਿਕ ਹੈ ਅਤੇ ਦੂਜਾ ਸਰੂਪ ਯੁੱਧਾਤਮਿਕ ਹੈ। ਰਹਿਤ ਵਾਲਾ ਸਿੱਖ ਸਦਾ 'ਸਾਹਿਬ' ਬਣ ਜਾਂਦਾ ਹੈ, ਗੁਰੂ ਦੀ ਦਰਗਾਹ ਵਿਚ ਉਸ ਦੀ 'ਸਾਹਿਬੀ' ਸਥਾਪਿਤ ਹੋ ਜਾਂਦੀ ਹੈ। ਗੁਰੂ ਉਸ ਦਾ ਚੇਰਾ ਜਾਂ ਦਾਸ ਬਣਨ ਲਈ ਤਿਆਰ ਹੋ ਜਾਂਦਾ ਹੈ। ਰਹਿਤ ਇਕ ਤਰ੍ਹਾਂ ਨਾਲ ਗੁਰੂ ਦਾ ਸੰਜਮ ਹੀ ਹੈ, ਗੁਰੂ ਦਾ ਪਰਵਾਨਗੀ-ਨੀਸ਼ਾਨ ਪ੍ਰਾਪਤ ਕਰਨ ਵਾਲਾ ਜੀਵਨ-ਅਮਲ ਹੀ ਹੈ। ਸ਼ੁਭ ਅਮਲ ਹੀ ਕੌਮ ਦੀ ਰਹਿਤ ਹਨ। ਰਹਿਤ ਦੇ ਸਾਰੇ ਨਿਯਮ, ਸਾਰੇ ਸੰਜਮ, ਸ਼ੁੱਭ ਅਮਲ ਤੇ ਸ਼ੁੱਭ ਕਰਮਨ ਵਾਸਤੇ ਹੀ ਹਨ। ਕੌਮ ਦਾ ਉੱਜਲ ਮੁਖ ਤਾਂ ਹੀ ਸਿਰਜਿਆ-ਸੰਵਾਰਿਆ ਜਾ ਸਕਦਾ ਹੈ, ਜੇ ਉਸ ਦੀ 'ਜੀਵਨ-ਕ੍ਰਿਆ' ਕੂੜ, ਕੁਸੱਤ, ਕਪਟ ਤੇ ਕਰੋਧ ਦੀ ਥਾਂ ਸ਼ੁੱਭ ਅਮਲ ਤੇ ਸ਼ੁੱਭ ਕਰਮਨ ਵਾਲੀ ਹੋ ਜਾਵੇ। ਕੌਮ ਦੀ ਵਿਲੱਖਣਤਾ ਦਾ ਇਕ ਪਛਾਣ-ਲੱਛਣ ਸ਼ੁੱਭ ਅਮਲ, ਸ਼ੁੱਭ ਕਰਮਨ ਤੇ ਸ਼ੁੱਭ ਵਰਦਾਨ ਵੀ ਹਨ। ਕੌਮ ਨੂੰ ਬੁਰਿਆਈ ਵਲ ਜਾਂ ਬੁਰਾ ਸੋਚਣ ਦਾ ਕੋਈ ਅਧਿਕਾਰ ਨਹੀਂ। ਕੌਮ ਸਦਾ ਮਾਨਵ-ਹਿਤੈਸ਼ੀ ਹੈ, ਸਰਬੱਤ ਦੇ ਭਲੇ ਵਾਸਤੇ ਹੈ।

੧੯੯੯ ਤਕ : ਖਾਲਸਾ ਪੰਥ ਨੂੰ ਜਾਤੀ ਤੇ ਜਮਾਤੀ—ਦੋਹਾਂ ਪੱਧਰਾਂ ਉਤੇ ਆਪਣੇ ਮੌਲਿਕ, ਨਿਆਰੇ ਤੇ ਵਿਲੱਖਣ ਸਰਦਾਰ-ਸਰੂਪ ਨੂੰ ਸਥਾਪਿਤ ਤੇ ਉਜਾਗਰ ਕਰਨ ਲਈ ਗੁਰੂ ਸਾਹਿਬਾਨ ਦੇ, ਖ਼ਾਸ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ਾਂ ਤੇ ਆਦੇਸ਼ਾਂ ਨੂੰ ਗ੍ਰਹਿਣ ਕਰ ਕੇ, ਅੰਮ੍ਰਿਤਧਾਰੀ ਸਰਦਾਰ ਬਣਨ ਵਲ ਰੁਚਿਤ ਹੋਣਾ ਚਾਹੀਦਾ ਹੈ। ਅਜਿਹੀ ਘਾਲ-ਕਮਾਈ ਨਾਲ ਨਿਸਚੇ ਹੀ ਖਾਲਸਾ ਪੰਥ ਸ਼ਕਤੀਸ਼ਾਲੀ ਬਣੇਗਾ।

੩. **ਕੌਮ ਦਾ ਕਰਤੱਵ** : ਕੌਮ ਨੂੰ ਮਈ ੧੯੮੪ ਦੀ ਮਾਰ, ਕੌਮੀ ਮੰਦਰ—ਸ੍ਰੀ ਹਰਿਮੰਦਰ ਸਾਹਿਬ ਉਤੇ ਹੋਇਆ ਫ਼ੌਜੀ ਹਮਲਾ, ਮੀਰੀ-ਪੀਰੀ ਨਾਲ ਸ਼ਿੰਗਾਰੇ ਕੌਮੀ-ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਢਹਿ-ਢੇਰੀ ਹੋਣਾ, ਸਾਰੀ ਕੌਮ ਨੂੰ ਸ਼ੱਕ ਦੇ ਆਧਾਰ ਉਤੇ ਅਤਿਵਾਦੀ ਠਹਿਰਾ ਦੇਣਾ, ਕੌਮ ਨੂੰ ਦੇਸ਼-ਭਗਤ ਦੀ ਥਾਂ ਦੇਸ਼-ਵਿਰੋਧੀ ਨਿਸਚਿਤ ਕਰ ਦੇਣਾ, ਹਰ ਥਾਂ ਉਤੇ ਬੇਇਨਸਾਫ਼ੀ ਦਾ ਸ਼ਿਕਾਰ ਬਣਾ ਦੇਣਾ, ਇਸ ਹੱਦ ਤੱਕ ਕਿ ਜਿਥੇ ਕੌਮ ਦੀ ਵਸੋਂ ਘੱਟ ਗਿਣਤੀ ਵਿਚ ਹੈ, ਉਸ ਦਾ ਜੀਊਣਾ ਵੀ ਹਰਾਮ ਕਰ ਦੇਣਾ, ਅਜਿਹੇ ਹਾਲਾਤ ਵਿਚ ਕੌਮ ਦਾ ਕਰਤੱਵ ਕੀ ਹੈ, ਕੌਮ ਪੁਨਰ-ਰੂਪ ਵਿਚ ਪਤਿ ਸੇਤੀ ਖੜ੍ਹੀ ਕਿਵੇਂ ਹੋਵੇ ? ੧੯੯੯ ਤੱਕ : ਖ਼ਾਲਸਾ ਪੰਥ ਆਪਣੇ ਮੂਲ਼ ਸਰੂਪ ਨੂੰ ਪਛਾਣ ਕੇ, ਆਪਣੇ ਪ੍ਰਾਪਤ ਗੌਰਵ ਨੂੰ ਬਹਾਲ ਕਿਵੇਂ ਕਰੇ ? ਇਹ ਪ੍ਰਸ਼ਨ ਹਨ, ਇਹ ਕਰਤੱਵ ਹਨ ਕੌਮ ਸਨਮੁਖ, ਜਿਨ੍ਹਾਂ ਦਾ ਸਮਾਧਾਨ ਕਰ ਕੇ ਕੌਮ ਆਪਣੀ ਅਸਲੀ ਹੱਸਤੀ-ਹੋਂਦ ਨੂੰ ਸਥਾਪਿਤ ਵੀ ਕਰ ਸਕਦੀ ਹੈ ਅਤੇ ਆਪਣੇ ਆਪ ਨੂੰ ਸਾਰਥਿੱਕ ਵੀ ਸਿੱਧ ਕਰ ਸਕਦੀ ਹੈ।

(ੳ) ਕੌਮ ਨਾਲ ਵਾਪਰ ਰਹੇ ਅਜੋਕੇ ਹਾਲਾਤ ਤੋਂ ਸਹਿਜੇ ਹੀ ਸਪੱਸ਼ਟ ਹੁੰਦਾ ਹੈ ਕਿ ਸਿੱਖ ਕੌਮ ਨੂੰ ਜੜ੍ਹੋਂ ਪੁੱਟਣ ਜਾਂ ਮਾਰ ਮੁਕਾਉਣ ਲਈ ਸਰਕਾਰ ਵਲੋਂ ਜਾਂ ਵਿਰੋਧੀਆਂ ਵਲੋਂ ਪਹਿਲਾ ਹਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਕੇਂਦਰੀ ਸ਼ਕਤੀ ਉਤੇ ਕੀਤਾ ਜਾਂਦਾ ਹੈ। ਸ਼੍ਰੋਮਣੀ



www.AKJ.Org

ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨਿਸਚੇ ਹੀ ਪੰਥ ਦੇ ਸਾਰੇ ਗੁਰਦੁਆਰਿਆਂ ਦੀ ਪ੍ਰਤੀਨਿਧ ਤੇ ਪੰਥ ਵਲੋਂ ਪ੍ਰਵਾਣਿਤ ਅਤੇ ਸਥਾਪਿਤ 'ਸ਼੍ਰੋਮਣੀ ਕਮੇਟੀ' ਹੈ। ਸ਼੍ਰੋਮਣੀ ਕਮੇਟੀ ਕੌਮ ਦੀ ਸ਼ਕਤੀ ਦਾ ਕੇਂਦਰੀ ਸਰੋਤ ਹੈ। ਦੇਸ਼-ਵਿਦੇਸ਼ ਵਿਚ ਜਿਥੇ ਕਿਥੇ ਵੀ ਸਿੱਖ ਰਹਿੰਦਾ ਹੈ, ਜਾਂ ਸਿੰਘ ਸਭਾ ਹੈ, ਜੇ ਉਹ ਕੌਮ ਨੂੰ ਪਤਿ ਵਾਲਾ ਤੇ ਸ਼ਕਤੀਸ਼ਾਲੀ ਵੇਖਣਾ ਚਾਹੁੰਦੀ ਹੈ, ਤਾਂ ਉਹ ਧਾਰਮਿਕ, ਸਮਾਜਕ ਤੇ ਰਾਜਨੀਤਕ ਪੱਧਰ ਉਤੇ ਆਪਣੇ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨਾਲ ਕੇਂਦਰਿਤ ਕਰੇ। ਜੇ ਸ਼੍ਰੋਮਣੀ ਕਮੇਟੀ ਬਲਵਾਨ ਹੈ, ਤਾਂ ਖਾਲਸਾ ਪੰਥ ਵੀ ਬਲਵਾਨ ਹੋ ਜਾਵੇਗਾ।

(ਅ) ਕੌਮ ਨੂੰ ਬਲਵਾਨ ਸਿਰਜਨ ਲਈ ਗੁਰੂ ਅਰਜਨ ਦੇਵ ਜੀ ਨੇ ਕੌਮ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਰੂਪ ਵਿਚ 'ਕੇਂਦਰ' ਵੀ ਪ੍ਰਦਾਨ ਕੀਤਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ 'ਵਿਧਾਨ' ਵੀ ਦਿੱਤਾ ਹੈ। ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਵੀ ਸ੍ਰੀ ਅੰਮ੍ਰਿਤਸਰ ਦੀ ਧਰਤੀ ਉਤੇ ਹੀ ਹੋਇਆ ਹੈ। ਕੌਮ ਦੇ ਕੇਂਦਰ ਦੀ ਸੇਵਾ ਸੰਭਾਲ ਤੇ ਕੌਮ ਦੇ ਵਿਧਾਨ ਦੀ ਪਵਿੱਤਰਤਾ ਦੀ ਬਹਾਲੀ ਤੇ ਸੁਰੱਖਿਆ ਦੀ ਸਾਰੀ ਜ਼ਿੰਮੇਵਾਰੀ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਹੀ ਹੈ। ਅੰਤਰ-ਆਤਮੇ ਹਰ ਸਿੱਖ, ਜੇ ਆਪਣੇ ਕੇਂਦਰ–ਸ੍ਰੀ ਹਰਿਮੰਦਰ ਸਾਹਿਬ ਨਾਲ ਜੁੜ ਜਾਵੇ, ਆਪਣੇ ਵਿਧਾਨ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਂਗ ਆਪਣੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਨੂੰ ਘੜ ਲਵੇ, ਤਾਂ ਕੌਮ ਅੰਦਰ ਸਹਿਜੇ ਹੀ ਸ਼ਕਤੀ ਦਾ ਸੰਚਾਰ ਹੋ ਜਾਵੇਗਾ।

(ੲ) ਕੌਮ ਦੀ ਜ਼ਿੰਦਗੀ ਧਰਮ-ਯੁੱਧ ਦੇ ਚਾਅ ਦੀ ਜ਼ਿੰਦਗੀ ਹੈ। ਕੌਮ ਨੇ ਧਰਮ ਦੀ ਘਾਲ-ਕਮਾਈ ਵੀ ਕਰਨੀ ਹੈ ਅਤੇ ਧਰਮ-ਸੱਚ, ਧਰਮ-ਪਤਿ ਤੇ ਧਰਮ-ਸੁਤੰਤਰਤਾ ਦੀ ਸੁਰੱਖਿਆ ਲਈ ਲੋੜ ਪੈਣ ਉਤੇ ਮੀਰ, ਸਿਪਾਹੀ ਤੇ ਯੁੱਧ ਦੇ ਕਰਤੱਵ ਨੂੰ ਵੀ ਪੂਰੇ ਚਾਅ ਨਾਲ ਨਿਭਾਉਣਾ ਹੈ। ਕੌਮ ਨੇ ਪੀਰੀ ਵੀ ਕਮਾਣੀ ਹੈ, ਪਰ ਧਰਮ-ਦੋਖੀਆਂ ਨੂੰ ਸੋਧਣ ਲਈ ਮੀਰੀ ਦਾ ਆਪਣਾ ਜਨਮ-ਸਿੱਧ ਅਧਿਕਾਰ ਵੀ ਵਰਤਣਾ ਹੈ। ਕੌਮ ਨੂੰ ਰਾਜਾ ਬਣਨ, ਰਾਜ ਕਰਨ ਜਾਂ ਤਖ਼ਤ ਸਿਰਜਨ ਦੀ ਮਨਾਹੀ ਨਹੀਂ। *ਰਾਜ ਤੇ ਤਖ਼ਤ ਕੌਮ ਨੂੰ ਇਸ ਕਰਕੇ ਚਾਹੀਦੇ ਹਨ ਕਿ ਇਹਨਾਂ ਉਤੇ 'ਸੱਚ-ਰਾਜੇ' ਬਿਠਾਣੇ ਹਨ, ਤਾਂਕਿ ਪਰਜਾ ਨੂੰ ਨਿਆਂ ਮਿਲ ਸਕੇ, ਪਰਜਾ ਸੁੱਖ-ਸ਼ਾਂਤੀ ਨਾਲ ਜੀਉ ਸਕੇ। ਇਹੀ ਕਾਰਨ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅੰਮ੍ਰਿਤਸਰ ਵਿਚ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਸਿਰਜਨਾ ਕੀਤੀ। ਜਿਵੇਂ ਗੁਰੂ ਸਾਹਿਬਾਨ ਦੇ ਸਮਕਾਲੀ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਤੇ ਗੁਰਮਤਿਆਂ ਨੂੰ ਪ੍ਰਥਮਤਾ ਦਿੰਦੇ ਸਨ, ਇਸੇ ਤਰ੍ਹਾਂ ਕੌਮ ਦੇ ਹਰ ਸਿੱਖ ਦਾ ਪ੍ਰਥਮ ਫ਼ਰਜ਼ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ-ਨਾਮਿਆਂ ਤੇ ਗੁਰ-ਮਤਿਆਂ ਨੂੰ ਪ੍ਰਥਮ ਮੰਨ ਕੇ ਆਪਣੇ ਗੁਰੂ-ਤਖ਼ਤ ਨਾਲ ਜੁੜਿਆ ਰਹੇ। ਗੁਰੂ-ਤਖ਼ਤ ਨਾਲ ਜੁੜੇ ਰਹਿਣ ਕਾਰਨ, ਉਹ ਗੁਰੂ-ਅਸੀਸਾਂ ਤੇ ਗੁਰੂ-ਬਖ਼ਸ਼ਿਸ਼ਾਂ ਦਾ ਅਧਿਕਾਰੀ ਬਣੇਗਾ। ਗੁਰੂ-ਬਖ਼ਸ਼ਿਸ਼ ਵਾਲਾ ਸਦਾ 'ਨਉ ਨਿੱਧਾਂ' ਵਿਚ ਹੈ।

(ਸ) ਕੌਮ ਦਾ ਇਹ ਵਿਸ਼ਵਾਸ ਵੀ ਦ੍ਰਿੜ੍ਹ ਹੋਣਾ ਚਾਹੀਦਾ ਹੈ ਕਿ ਸਮੁੱਚੇ ਸ੍ਰਿਸ਼ਟੀ-ਮੰਡਲ ਵਿਚ ਸੱਚ-ਰਾਜੇ ਦਾ ਹੁਕਮ ਵਰਤ ਰਿਹਾ ਹੈ। ਨੇਕੀ ਜਾਂ ਬੁਰਿਆਈ ਦਾ ਕੋਈ ਕਰਤੱਵ ਵੀ ਅਜਿਹਾ ਨਹੀਂ, ਜਿਹੜਾ ਸੱਚ-ਰਾਜੇ ਤੋਂ ਬਾਹਰ ਹੋਵੇ। ਨੇਕੀ ਤੇ ਬਦੀ ਦੋਹਾਂ ਦਾ ਸਿਰਜਨਹਾਰ ਭਾਵੇਂ ਸੱਚ-ਰਾਜਾ ਹੀ ਹੈ, ਪਰ ਕੌਮ ਨੂੰ ਨੇਕੀ ਦਾ ਪੁੰਜ ਬਣਾਇਆ ਹੈ। ਕੌਮ ਨੇ ਕਦੀ ਵੀ ਬੁਰਿਆਈ, ਬੰਧਨ ਤੇ ਬਦਲੇ ਵਲ ਨਹੀਂ ਜਾਣਾ। ਕੌਮ ਨੇ ਸਦਾ ਆਤਮ-ਵਿਸ਼ਵਾਸ ਤੇ ਮਰਦਾਨਗੀ ਨਾਲ ਜੀਉਣਾ ਹੈ। ਕੌਮ ਨੂੰ ਇਹ ਡਰ ਨਹੀਂ ਹੋਣਾ ਚਾਹੀਦਾ ਕਿ ਬੜੇ ਜ਼ੁਲਮ ਹੋ ਰਹੇ ਹਨ। ਜ਼ੁਲਮਾਂ ਨੂੰ ਕੌਮ ਨੇ ਸਦਾ ਹੀ ਸਬਰ ਤੇ ਸਿਦਕ ਨਾਲ ਸਹਿਆ ਹੈ। ਪਰ ਕੌਮ ਦੀ

---

*ਖਾਲਸੇ ਦਾ ਮੁਖ-ਨਿਸ਼ਾਨਾ ਪ੍ਰਭੂ-ਪ੍ਰਾਪਤੀ ਲਈ ਨਾਮ ਜਪਣਾ ਹੈ, ਪਰ ਨਾਮ ਵਿਚ ਵਿਘਨ ਪਾਉਣ ਵਾਲੇ ਦੁਸ਼ਟਾਂ ਦੋਖੀਆਂ ਨੂੰ ਸੋਧ ਕੇ ਧਰਮ ਦਾ ਰਾਜ ਕਾਇਮ ਕਰਨਾ ਵੀ ਹੈ। —ਸੰਪਾਦਕ



www.AKJ.Org

ਵਿਲੱਖਣਤਾ ਤੇ ਖ਼ੂਬਸੂਰਤੀ ਇਹ ਹੈ ਕਿ ਸ਼ਹਾਦਤਾਂ ਦੇ ਕੇ ਤੇ ਵੱਡੇ ਸਾਕੇ ਵਰਤਾਕੇ ਵੀ ਅੰਤਿਮ ਆਦਰਸ਼ ਇਹ ਰਿਹਾ ਹੈ ਕਿ ਸ੍ਰਿਸ਼ਟੀ-ਮੰਡਲ ਉਤੇ ਜ਼ਾਲਮ-ਰਾਜੇ ਦੀ ਥਾਂ ਸੱਚ-ਰਾਜੇ ਨੂੰ ਬਿਠਾਉਣਾ ਹੈ, ਤਾਂਕਿ ਗੁਣ, ਗਿਆਨ ਤੇ ਆਦਰਸ਼ ਦਾ ਰਾਜ ਹੋ ਸਕੇ। ਕੂੜ, ਵਿਤਕਰਾ, ਜ਼ੁਲਮ ਤੇ ਤਸ਼ੱਦਦ ਦਾ ਰਾਜ ਸਦਾ ਲਈ ਸਮਾਪਤ ਹੋਵੇ। ੧੯੯੯ ਤੱਕ : ਖ਼ਾਲਸਾ ਪੰਥ ਨੂੰ ਇੰਨਾ ਆਤਮ-ਵਿਸ਼ਵਾਸ ਤੇ ਮਰਦਾਨਗੀ ਪ੍ਰਾਪਤ ਕਰਨੀ ਚਾਹੀਦੀ ਹੈ ਕਿ ਸਾਰੇ ਪਾਸੇ 'ਨਾਨਕ ਰਾਜ' ਜਾਂ 'ਹਲੇਮੀ ਰਾਜ' ਸਲਾਮਤ ਤੇ ਸਥਾਪਿਤ ਹੁੰਦਾ ਦ੍ਰਿਸ਼ਟੀਗੋਚਰ ਹੋਵੇ।

(ਹ) ਕੌਮ ਨੇ ਗੁਰੂ-ਰਸਤਿਆਂ ਉਤੇ ਚਲਦਿਆਂ, ਪਿਛਲੇ ਪੰਜ ਸੌ ਸਾਲਾਂ ਵਿਚ ਆਪਣੀ ਹੋਂਦ ਅਤੇ ਹੱਸਤੀ ਨੂੰ, ਦੇਸ਼ ਅਤੇ ਵਿਦੇਸ਼ ਵਿਚ ਇੰਨਾ ਵਿਆਪਕ ਸਿਰਜ ਤੇ ਸਥਾਪਿਤ ਕਰ ਲਿਆ ਹੈ ਕਿ ਕੌਮ ਦੀ ਇਕਸੁਰਤਾ ਟੁੱਟਦੀ ਤੇ ਬਿਖਰਦੀ ਜਾਪਦੀ ਹੈ। ਕੌਮ ਕੋਲ ਸਿੰਘ ਸਭਾਵਾਂ ਵੀ ਹਨ, ਧਰਮ ਪ੍ਰਚਾਰ ਲਈ ਛੋਟੇ ਵੱਡੇ ਜੱਥੇ ਵੀ ਹਨ, ਖ਼ਾਲਸਾ ਸਕੂਲ ਤੇ ਖ਼ਾਲਸਾ ਕਾਲਜ ਵੀ ਹਰ ਸ਼ਹਿਰ ਵਿਚ ਹਨ, ਭਾਰਤੀ ਸੀਮਾ ਵਿਚ ਪੰਜ ਤਖ਼ਤ ਵੀ ਹਨ, ਗੁਰਬਾਣੀ ਤੇ ਗੁਰ-ਇਤਿਹਾਸ ਨੂੰ ਸਿੱਖ ਪ੍ਰੰਪਰਾਵਾਂ ਅਨੁਸਾਰ ਉਜਾਗਰ ਕਰਨ ਵਾਲੇ ਕੀਰਤਨੀਏ, ਕਥਾਕਾਰ ਤੇ ਪ੍ਰਚਾਰਕ ਵੀ ਹਨ; ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਸਿੱਖੀ-ਪਾਸਾਰ ਵਿਚ ਆਪੋ-ਧਾਪੀ, ਖਿੰਡਾ, ਕਰਮ-ਕਾਂਡ ਤੇ ਵੱਖਵਾਦ ਇੰਨਾ ਹਾਵੀ ਹੋ ਗਿਆ ਹੈ ਕਿ ਕੌਮੀ ਏਕਤਾ ਤੇ ਇਕਸੁਰਤਾ ਦੀਵਾ ਲੈ ਕੇ ਢੂੰਢਿਆਂ ਵੀ ਨਹੀਂ ਲੱਭਦੀ। ਕੌਮ ਕੋਲ ਹੱਸਤੀ ਤੇ ਸ਼ਕਤੀ ਦਾ ਅਭਿਮਾਨ ਬਹੁਤ ਹੈ, ਪਰ ਏਕਤਾ, ਪਿਆਰ, ਸਾਂਝ ਤੇ ਸਹਿਯੋਗ ਦੀ ਘਾਟ ਸਪੱਸ਼ਟ ਦਿਸ ਰਹੀ ਹੈ। ਕੌਮ ਦਾ ਵੱਡਾ ਕਰਤੱਵ ਹੈ ਕਿ ਆਪਸੀ ਏਕਤਾ, ਸੰਸਥਾਵਾਂ ਦੀ ਸਾਂਝ, ਇਕ ਦੂਜੇ ਪ੍ਰਤੀ ਪਿਆਰ ਤੇ ਸਹਿਯੋਗ ਦੀ ਭਾਵਨਾ ਰਖੀ ਜਾਵੇ, ਤਾਂਕਿ ਕੌਮ ਵਿਚ ਇਕਸਾਰਤਾ ਤੇ ਇਕਸੁਰਤਾ ਆਵੇ। ੧੬੯੯ ਨੂੰ ਖਾਲਸਾ ਸਾਜਣ ਦੀ ਜਿਹੜੀ ਪ੍ਰਕ੍ਰਿਆ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਚੰਡ ਕੀਤੀ ਸੀ, ਉਸ ਦਾ ਮਹੱਤਵਪੂਰਨ ਯੋਗਦਾਨ ਕੌਮ ਨੂੰ ਪ੍ਰਾਪਤ ਹੋਈ ਇਕਸਾਰਤਾ ਤੇ ਇਕਸੁਰਤਾ ਹੀ ਹੈ। 'ਗੁਰੂ' ਚੇਲਾ ਵੀ ਹੈ ਤੇ 'ਚੇਲਾ' ਗੁਰੂ ਵੀ ਹੈ। ਗੁਰੂ-ਸਿੱਖ ਵਿਚ ਕੋਈ ਵੱਡਾ ਨਹੀਂ, ਕੋਈ ਛੋਟਾ ਨਹੀਂ, ਸਾਰੇ ਸੰਗਤੀ-ਮੰਡਲ ਵਿਚ ਬਰਾਬਰ ਦੀ ਸੱਤਾ ਉਤੇ ਬੈਠਦੇ ਹਨ। ਇਹੀ ਪ੍ਰੱਥਾ ਲੰਗਰ, ਪੰਗਤ, ਅੰਮ੍ਰਿਤ ਤੇ ਖ਼ਾਲਸਾ ਵਿਚ ਹੈ। ਖ਼ਾਲਸਾ ਹੋ ਕੇ ਜੇ ਵਰਨ, ਜ਼ਾਤਿ, ਰੂਪ, ਰੰਗ ਕਿਰਤ, ਬੋਲੀ ਤੇ ਪ੍ਰਾਂਤ ਦਾ ਭਿੰਨ-ਭੇਦ ਰਖਦਾ ਹੈ ਤਾਂ ਸਮਝੋ, ਉਹ ਖਾਲਸਾ ਨਹੀਂ। ੧੯੯੯ ਦਾ ਸਾਲ ਕੌਮ ਲਈ ਤਾਂ ਹੀ ਲਾਭਕਾਰੀ ਹੈ, ਜੇ ਹਰ ਸਿੱਖ ਅੰਮ੍ਰਿਤ ਛੱਕ ਕੇ, ਪੰਜ ਕਕਾਰੀ ਸਰੂਪ ਰਖ ਕੇ, ਆਪਣੇ ਆਪ ਨੂੰ ਖਾਲਸਾ ਰੂਪ ਵਿਚ ਸਜਾ ਸਕੇ।

(ਚਲਦਾ)

---

# ਜ਼ਰੂਰੀ ਸੂਚਨਾ

## ਅਖੰਡ ਕੀਰਤਨੀ ਜਥੇ ਦੇ ਮੀਤ-ਜਥੇਦਾਰ ਦੀ ਸਥਾਪਨਾ

ਅਖੰਡ ਕੀਰਤਨੀ ਜਥੇ ਦੇ ਜਥੇਦਾਰ ਸਾਹਿਬ ਭਾਈ ਰਾਮ ਸਿੰਘ ਜੀ ਨੇ ਵਿਸਾਖੀ ਸਮਾਗਮ ਤੇ ਜੁੜੀਆਂ ਸੰਗਤਾਂ ਨੂੰ ਸੂਚਿਤ ਕੀਤਾ ਕਿ ਸਿਹਤ ਨੂੰ ਮੁਖ ਰਖਦਿਆਂ ਉਹਨਾਂ ਨੇ ਅੰਮ੍ਰਿਤਸਰ ਨਿਵਾਸੀ ਭਾਈ ਸਾਹਿਬ ਬਲਦੇਵ ਸਿੰਘ ਜੀ, ਜੋ ਕਿ ਜਥੇ ਦੇ ਸਲਾਹਕਾਰ ਬੋਰਡ ਦੇ ਮੈਂਬਰ ਹਨ, ਨੂੰ ਮੀਤ-ਜਥੇਦਾਰ ਸਥਾਪਿਤ ਕੀਤਾ ਹੈ। ਜਥੇਦਾਰ ਸਾਹਿਬ ਦੇ ਇਸ ਫ਼ੈਸਲੇ ਦੀ ਪ੍ਰਵਾਨਗੀ ਸੰਗਤਾਂ ਵਲੋਂ ਜੈਕਾਰਿਆਂ ਦੁਆਰਾ ਦਿਤੀ ਗਈ।

## ਮਨ-ਮਾਨੀਆਂ ਸ਼ੋਸ਼ੇ-ਬਾਜ਼ੀਆਂ ਵਿਰੁਧ ਤਾੜਨਾ

ਅਖੰਡ ਕੀਰਤਨੀ ਜਥੇ ਦੇ ਜਥੇਦਾਰ ਸਾਹਿਬ ਦੀ ਸਰਪ੍ਰਸਤੀ ਵਿਚ ਜਥੇ ਦੇ ਸਲਾਹਕਾਰ ਬੋਰਡ ਦੀ ਮਿਤੀ ੧੧-੪-੯੨ ਨੂੰ ਹੋਈ ਮੀਟਿੰਗ ਸਮੇਂ ਨੋਟਿਸ ਵਿਚ ਲਿਆਂਦਾ ਗਿਆ ਕਿ ਲੁਧਿਆਣੇ ਅਤੇ ਸ੍ਰੀ ਅਨੰਦਪੁਰ ਸਾਹਿਬ ਸਮਾਗਮਾਂ ਤੇ ਕੁਝ ਅੰਮ੍ਰਿਤਧਾਰੀ ਸਿੰਘਾਂ ਸਿੰਘਣੀਆਂ ਨੂੰ ਲੰਗਰ ਦੀ ਸੇਵਾ ਤੋਂ ਕੁਝ ਪ੍ਰਬੰਧਕਾਂ ਵਲੋਂ ਇਸ ਕਾਰਨ ਵਰਜਿਆ ਗਿਆ ਕਿ ਉਹ ਚਾਹ ਪੀਂਦੇ ਹਨ।

ਪੰਥ ਵਿਚ ਚਾਹ ਪੀਣ ਨੂੰ ਕੁਰਹਿਤ ਕਦੀ ਵੀ ਨਹੀਂ ਗਰਦਾਨਿਆ ਗਿਆ। ਇਸ ਲਈ ਚਾਹ ਪੀਣ ਵਾਲਿਆਂ ਨੂੰ ਲੰਗਰ ਦੀ ਤੇ ਹੋਰ ਧਾਰਮਕ ਸੇਵਾਵਾਂ ਤੋਂ ਰੋਕਣਾ ਮਨ-ਮਾਨੀ ਅਤੇ ਆਪ-ਹੁਦਰੀ ਕਾਰਵਾਈ ਹੈ। ਅਜਿਹੀਆਂ ਮਨ-ਮਾਨੀਆਂ ਸ਼ੋਸ਼ੇ-ਬਾਜ਼ੀਆਂ ਤੋਂ ਸੰਕੋਚ ਕੀਤਾ ਜਾਵੇ।



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੨੬)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

ਦਸਮੇਸ਼ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਦਿਲੀ ਰਹਿੰਦੇ ਸਨ । ਉਹ ਆਪਣੇ ਵਾਹਿਗੁਰੂ ਦੀ ਯਾਦ ਵਿਚ, ਸਮੇਂ ਦੇ ਸਿਆਸੀ ਉਤਾਰ ਚੜ੍ਹਾ ਤੋਂ ਅਟੰਕ ਤੇ ਸਿੱਖਾਂ ਦੀ ਆਤਮ-ਅਗਵਾਈ ਅਤੇ ਗਰੀਬਾਂ ਦੀ ਸਹਾਇਤਾ ਕਰਦੇ ਹੋਏ ਆਪਣੇ ਦਿਨ ਕਟ ਰਹੇ ਸਨ। ਸਿੱਖਾਂ ਵਿਰੁਧ ਮੁਗਲਾਂ ਦੇ ਦਮਨ-ਚੱਕਰ ਨੇ ਉਨ੍ਹਾਂ ਨੂੰ ਵੀ ਸੁਖ ਦਾ ਸਾਹ ਨਾ ਲੈਣ ਦਿਤਾ । ਇਕ ਲੜਕੇ ਨੂੰ ਉਨ੍ਹਾਂ ਗੋਦੀ ਲੈ ਕੇ ਉਸਦਾ ਨਾਉਂ ਆਪਣੇ ਸ਼ਹੀਦ ਹੋ ਚੁਕੇ ਸਾਹਿਬਜ਼ਾਦਾ ਦੇ ਨਾਉਂ ਤੇ ਅਜੀਤ ਸਿੰਘ ਰਖਿਆ ਸੀ। ਉਹ ਜਦ ਵੱਡਾ ਹੋਇਆ ਤਾਂ ਉਹ ਆਏ ਸਵਾਲੀਆਂ ਦੀ ਲੋੜ ਖੁਲ੍ਹੇ ਹਥੀਂ ਪੂਰੀ ਕਰਦਾ। ਇਕ ਮੁਸਲਮਾਨ ਮੰਗਤਾ ਰੋਜ਼ ਹੀ ਉਸ ਪਾਸ ਆਉਂਦਾ, ਜਿਸ ਨੂੰ ਅਜੀਤ ਸਿੰਘ ਦਾਨ ਦਿਆ ਕਰਦਾ। ਇਕ ਦਿਨ ਇਸ ਗਿਝੇ ਹੋਏ ਫ਼ਕੀਰ ਨੇ ਉਸ ਤੋਂ ਬਹੁਤ ਕੀਮਤੀ ਚੀਜ਼ਾਂ ਤੇ ਰੁਪਏ ਭਿਖਿਆ ਵਜੋਂ ਮੰਗੇ ਤੇ ਏਨੀ ਜ਼ਿਦ ਕੀਤੀ ਕਿ ਖਹਿੜਾ ਹੀ ਨਾ ਛੱਡੇ । ਜਦ ਉਸ ਨੂੰ ਰੋਜ਼ ਨਾਲੋਂ ਵਧ ਬਖਸ਼ੀਸ਼ ਦਿਤੀ ਤਾਂ ਉਸ ਨੇ ਕਬੂਲ ਨਾ ਕੀਤੀ ਤੇ ਉਲਟਾ ਅਗੋਂ ਉਸ ਨੂੰ ਕੁਬੋਲ ਬੋਲੇ । ਤੈਸ਼ ਵਿਚ ਆ ਕੇ ਅਜੀਤ ਸਿੰਘ ਨੇ ਉਸ ਨੂੰ ਮਾਰਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਮੁਸਲਮਾਨਾਂ ਬੜਾ ਫ਼ਤੂਰ ਮਚਾਇਆ। ਬਾਦਸ਼ਾਹ ਪਾਸ ਸ਼ਿਕਾਇਤ ਕੀਤੀ। ਬਾਦਸ਼ਾਹ ਨੇ ਬਗ਼ੈਰ ਮੁਆਮਲੇ ਦੀ ਤਹਿ ਤਕ ਜਾਣ ਦੇ, ਅਜੀਤ ਸਿੰਘ ਨੂੰ ਮੌਤ ਦੀ ਸਜ਼ਾ ਦਿਤੀ। ਇਸ ਹੁਕਮ ਦੀ ਪੂਰਤੀ ਲਈ ਉਸ ਨੂੰ ਹਾਥੀ ਦੀ ਪੂਛ ਨਾਲ ਬੰਨ੍ਹ ਕੇ ਬਜ਼ਾਰਾਂ ਗਲੀਆਂ ਵਿਚ ਘਸੀਟਿਆ ਗਿਆ। ਇਕ ਤੰਗ ਮੋੜ ਤੋਂ ਹਾਥੀ ਭੜਕ ਉਠਿਆ ਤੇ ਪਿਛੇ ਨੂੰ ਮੁੜਦੇ ਹੋਏ ਨੇ ਪੈਰ ਥਲੇ ਲੈ ਕੇ ਉਸ ਦਾ ਸਿਰ ਕੁਚਲ ਦਿਤਾ। ਮਾਤਾ ਸੁੰਦਰੀ ਜੀ ਮਜਬੂਰੀ ਦੀ ਹਾਲਤ ਵਿਚ ਘਰ ਬਾਰ ਛੱਡ ਕੇ ਮਥਰਾ ਚਲੇ ਗਏ। ਰਾਜਾ ਜੈਪੁਰ ਬੜੇ ਚਿਰ ਤੋਂ ਗੁਰੂ ਘਰ ਦਾ ਸ਼ਰਧਾਲੂ ਤੇ ਅਨਿੰਨ ਭਗਤ ਚਲਿਆ ਆ ਰਿਹਾ ਸੀ। ਮਾਤਾ ਜੀ ਦਾ ਬਹੁਤ ਆਦਰ ਸਨਮਾਨ ਕੀਤਾ। ਉਨ੍ਹਾਂ ਦੇ ਗੁਜ਼ਾਰੇ ਲਈ ਬੜਾ ਚੰਗਾ ਪ੍ਰਬੰਧ ਕਰ ਦਿਤਾ। ਦਿਲੀ ਵਿਖੇ ਮਾਤਾ ਜੀ ਦੇ ਘਰ ਨੂੰ ਮੁਸਲਮਾਨਾਂ ਲੁਟ ਪੁਟ ਲਿਆ।[੧]

**ਸਿਖ ਫੇਰ ਦਿਸਣ ਤੇ ਵਿਚਰਨ ਲੱਗੇ—**

ਮੁਗ਼ਲੀਆ ਫ਼ੌਜ ਦੇ ਗਸ਼ਤੀ ਕਾਲਮ, ਜਗੀਰਦਾਰਾਂ ਦੇ ਪਾਲਤੂ ਟੋਲੇ ਤੇ ਭਾੜੇ ਦੇ ਲੜਾਕੇ, ਪਿੰਡਾਂ ਦੇ ਨੰਬਰਦਾਰਾਂ, ਮੁਖਬਰਾਂ ਤੇ ਸੂਹੀਆਂ ਨੇ ਸਿਖਾਂ ਵਿਰੁਧ ਐਸੀਆਂ ਸਖ਼ਤ ਕਾਰਵਾਈਆਂ ਕੀਤੀਆਂ ਕਿ ਉਨ੍ਹਾਂ ਨੂੰ ਮਜਬੂਰ ਹੋ ਕੇ ਜੰਗਲਾਂ ਬੇਲਿਆਂ, ਛੰਭਾਂ ਤੇ ਪਹਾੜਾਂ ਦੀਆਂ ਖੱਡਾਂ ਵਿਚ ਪਨਾਹ ਲੈਣੀ ਪਈ। ਸਿਖ ਮੈਦਾਨ 'ਚੋਂ ਦਿਸਣੋਂ ਹਟ ਗਏ। ਸਾਧਾਰਨ ਆਦਮੀ ਨੂੰ ਇੰਜ ਭਾਸਣ ਲੱਗਾ ਕਿ ਸਿੱਖਾਂ ਦਾ ਅਸਲੋਂ ਹੀ ਖ਼ਾਤਮਾ ਕਰ ਦਿਤਾ ਗਿਆ ਹੈ, ਹੁਣ ਕਿਧਰੇ ਸਿਰ ਨਹੀਂ ਉਠਾ ਸਕਣਗੇ । ਸਿੱਖਾਂ ਉਤੇ ਪੁੱਜ ਕੇ ਜ਼ੁਲਮ ਹੋਏ, ਸਰਕਾਰੀ ਢਾਂਚਾ ਬਿਲਕੁਲ ਵੈਰ ਪਿਆ ਹੋਇਆ ਸੀ। ਸਿਵਾਏ ਵਾਹਿਗੁਰੂ ਤੋਂ ਕੋਈ ਆਸਰਾ ਨਹੀਂ ਸੀ। ਇਸ ਮਾਰ ਨੇ ਸਿੱਖਾਂ ਦਾ ਵਿਗਾੜਿਆ ਤਾਂ ਜ਼ਰੂਰ, ਪਰ ਸਵਾਰਿਆ ਬਹੁਤ ਜ਼ਿਆਦਾ। ਜਬਰ ਦੇ ਸਾਮ੍ਹਣੇ ਉਹ ਲਿਫੇ ਜਾਂ ਝੁਕੇ ਨਹੀਂ, ਭੈ-ਭ੍ਰੀਤ ਹੋ ਕੇ ਦਿਲ ਨਹੀਂ ਛੱਡਿਆ, ਉਨ੍ਹਾਂ ਉਤੇ ਹੋਈ ਸਖ਼ਤੀ ਨੇ ਉਨ੍ਹਾਂ ਨੂੰ ਪੋਲਿਆਂ ਨਹੀਂ ਪਾਇਆ, ਮਾਰ ਨਾਲ ਕੁਚਲੇ ਨਹੀਂ ਗਏ। ਸਗੋਂ ਮਾਰ ਖਾ ਖਾ ਉਹ ਸੁੱਚਾ ਫ਼ੌਲਾਦ ਬਣ ਗਏ।[੨]

ਇਸ ਕੁੱਟ ਨੇ ਉਨ੍ਹਾਂ ਨੂੰ ਐਸਾ ਸਖ਼ਤ ਬਣਾ ਦਿਤਾ ਕਿ ਸਰਕਾਰੀ ਮਸ਼ੀਨਰੀ ਮਹਿਸੂਸ ਕਰਨ ਲੱਗ ਪਈ ਕਿ ਇਹ ਲੋਕ ਉਨ੍ਹਾਂ ਦੇ ਮਾਰਿਆਂ ਮਰਨ ਵਾਲੇ ਨਹੀਂ। ਦੋ ਕੁ ਸਾਲਾਂ ਪਿਛੋਂ ਕਿਤੇ ਕਿਤੇ ਉਨ੍ਹਾਂ ਫੇਰ ਦਰਸ਼ਨ ਦੇਣੇ ਸ਼ੁਰੂ ਕਰ ਦਿਤੇ । ਛੇਤੀ ਹੀ ਲਾਹੌਰ ਤੇ ਲਾਹੌਰੋਂ ਦਿੱਲੀ ਖ਼ਬਰਾਂ ਪੁਜਣੀਆਂ ਸ਼ੁਰੂ ਹੋ ਗਈਆਂ ਕਿ ਪਹਾੜਾਂ ਦੇ ਪੈਰਾਂ ਤੇ ਲੱਖੀ ਜੰਗਲ ਦੇ ਕੰਢੇ ਦੇ ਨਾਲ ਨਾਲ ਤੇ ਮਾਲਵੇ ਦੇ ਟਿੱਬਿਆਂ ਵਿਚ ਸਿੰਘਾਂ ਆਪਣੀ ਰਾਠਾਚਾਰੀ ਸ਼ੁਰੂ ਕਰ ਦਿਤੀ ਹੈ, ਉਹ ਸਰਕਾਰ ਦੇ ਸਹਾਇਕ ਜਗੀਰਦਾਰਾਂ ਤੇ ਮੁਖ਼ਬਰਾਂ ਤੋਂ ਬਦਲੇ ਲੈ ਰਹੇ ਹਨ, ਸਰਕਾਰੀ


www.AKJ.Org

ਆਮਿਲ ਤੇ ਠਾਣੇ ਉਨ੍ਹਾਂ ਦੇ ਹਮਲਿਆਂ ਦਾ ਖ਼ਾਸ ਨਿਸ਼ਾਨਾ ਬਣ ਰਹੇ ਹਨ। ਉਹ ਏਨੇ ਦੀਦਾ-ਦਲੇਰ ਹੋ ਗਏ ਹਨ ਕਿ ਆਪਣੀਆਂ ਪਨਾਹਗਾਰਾਂ ਚੋਂ ਦਿਨ-ਦੀਵੀਂ ਨਿਕਲ ਕੇ, ਲੁਟ ਮਾਰ ਕਰਕੇ ਲੈ ਜਾਂਦੇ ਹਨ। ਤੇ ਇਹ ਕੰਮ ਦਿਨ ਬਦਿਨ ਵਧਦਾ ਹੀ ਜਾ ਰਿਹਾ ਹੈ। ਪੰਜਾਬ ਵਿਚ ਚੁਲ੍ਹਿਆਂ ਚੌਂਤਰਿਆਂ ਦੇ ਆਸ ਪਾਸ, ਖੇਤਾਂ ਤੇ ਸਥਾਂ ਵਿਚ, ਬੱਸ ਇਕ ਹੀ ਜ਼ਿਕਰ ਚੱਲ ਰਿਹਾ ਸੀ ਕਿ ਇਹ ਮਾਰ-ਮੁਕਾਏ ਸਿੱਖ ਕਿਥੋਂ ਨਿਕਲ ਆਏ ਹਨ। ਸਰਕਾਰ ਨੇ ਕੋਈ ਛੇਤੀ ਹੀ ਸਖ਼ਤ ਪ੍ਰਬੰਧ ਨਾ ਕੀਤਾ ਤਾਂ ਨਾ ਸਰਕਾਰ ਰਹੇਗੀ ਤੇ ਨਾ ਲੋਕ, ਜੋ ਇਨ੍ਹਾਂ ਨੂੰ ਦੁਖ ਦੇਂਦੇ ਰਹੇ ਹਨ। ਸਰਕਾਰ ਤੋਂ ਜੇ ਕੁਝ ਨਹੀਂ ਸੀ ਸਰਨਾ ਤਾਂ ਸਾਡਾ ਇਨ੍ਹਾਂ ਨਾਲ ਵੈਰ ਕਾਸ ਤੋਂ ਪੁਆ ਦਿਤਾ। ਕਹਿਰ ਸਾਈਂ ਦਾ! ਕਿਸ ਕਿਸਮ ਦੇ ਲੋਕ ਹਨ ਇਹ! ਜਿੰਨੇ ਮਾਰੋ ਦੂਣੇ ਹੋ ਹੋ ਸਿਰ ਨੂੰ ਆਉਂਦੇ ਹਨ! ਹੈ ਭੋਰਾ ਮਾਸਾ ਡਰ ਇਨ੍ਹਾਂ ਦੀ ਖੱਲ ਵਿਚ? ਯਾ ਅੱਲਾ! ਰਹਿਮ ਕਰ ਆਪਣੇ ਮਾਸੂਮ ਮੋਮਨਾਂ ਤੇ!

ਇਕੱਲਾ ਕਾਰਾ ਨਹੀਂ, ਇਸ ਹਾਲਤ ਦੇ ਕਈ ਕਾਰਨ ਸਨ। ਕੋਈ ਨਹੀਂ ਚਾਹੁੰਦਾ ਕਿ ਘਰ ਦਾ ਸੁਖ-ਚੈਨ ਤੇ ਅਮਨ ਅਮਾਨ ਤਜ ਕੇ ਖ਼ਾਨਾ-ਬਦੋਸ਼ਾਂ ਵਾਂਗ ਥਾਂ ਥਾਂ ਧੱਕੇ ਖਾਂਦਾ ਫਿਰੇ ਤੇ ਸਰਕਾਰ ਉਸ ਨੂੰ ਜੰਗਲੀ ਜਾਨਵਰਾਂ ਵਾਂਗ ਅੱਗੇ ਲਾਈ ਉਸ ਦਾ ਸ਼ਿਕਾਰ ਖੇਡੇ। ਜ਼ਿੰਦਗੀ ਦੀਆਂ ਮਜਬੂਰੀਆਂ ਆਦਮੀ ਨੂੰ ਬਹੁਤ ਕੁਝ ਸਿਖਾ ਦੇਂਦੀਆਂ ਹਨ। ਇਸ ਹਾਲਤ ਵਿਚ ਉਹ ਇਹੋ ਜਿਹੇ ਕਾਰਨਾਮੇ ਕਰ ਗੁਜ਼ਰਦਾ ਹੈ ਕਿ ਆਮ ਤੇ ਸੁਖ ਦੀ ਹਾਲਤ ਵਿਚ ਕਿਸੇ ਤੋਂ ਇਸ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਸਿੱਖਾਂ ਘਰ ਘਾਟ ਤਾਂ ਛੱਡ ਦਿਤੇ, ਪਰ ਜੰਗਲਾਂ ਵਿਚ ਵੀ ਉਨ੍ਹਾਂ ਨੂੰ ਕਿਸੇ ਟਿਕਣ ਨਾ ਦਿਤਾ। ਸਦਾ ਹੀ ਉਨ੍ਹਾਂ ਦੇ ਸਿਰਾਂ ਤੇ ਮੌਤ ਦਾ ਪਰਛਾਵਾਂ ਮੰਡਲਾਉਂਦਾ ਰਹਿੰਦਾ। ਸੁੱਤਿਆਂ ਜਾਗਦਿਆਂ ਮੌਤ ਮੂੰਹ ਅੱਡੀ ਸਿਰ ਤੇ ਖੜੀ ਹੈ। ਇਸ ਸਦਾ ਦੇ ਖ਼ੌਫ਼ ਦੀ ਹਾਲਤ ਨੇ ਉਨ੍ਹਾਂ ਨੂੰ ਬਿਲਕੁਲ ਨਿਡਰ ਤੇ ਸਿਰੇ ਦਾ ਦਲੇਰ ਬਣਾ ਦਿਤਾ। ਜਦ ਬੰਦਾ ਮੌਤ ਨੂੰ ਤੁਛ ਸਮਝੇ ਤੇ ਉਸ ਨਾਲ ਮਖ਼ੌਲ ਕਰੇ ਤਾਂ ਉਹ ਵੀ ਸੰਗਦੀ ਛੇਤੀ ਲਾਗੇ ਨਹੀਂ ਢੁਕਦੀ। ਇਸ ਸਥਿਤੀ ਵਿਚ ਹੋ ਕੇ ਹੀ ਇਨਸਾਨ ਹੋਣੀ ਦਾ ਮਾਲਿਕ ਬਣਦਾ ਹੈ।

ਗਰੀਬੀ, ਥੁੜ ਤੇ ਫ਼ਾਕਿਆਂ ਦੇ ਸਤਾਏ ਹੋਏ ਅਤੇ ਦਿਨੋ ਦਿਨ ਮੌਤ ਦੀ ਖਾਈ ਵਲ ਧਕੀਂਦੇ ਜਾ ਰਹੇ, ਸਿੰਘ ਭਿਖਿਆ ਦਾ ਮੁਰਦਾਰ ਖਾਣੋਂ ਤਾਂ ਰਹੇ, ਸਰਕਾਰ ਦੀ ਅਧੀਨਗੀ ਪ੍ਰਵਾਨ ਕਰਨੋਂ ਵੀ ਰਹੇ। ਆਪਣਾ ਧਰਮ ਤਿਆਗ, ਦੀਨ ਕਬੂਲ ਕਰ ਕੇ ਘਰਾਂ ਨੂੰ ਵਾਪਸ ਮੁੜ ਆਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਧਰਮ ਤੇ ਅਣਖ ਦੀ ਖ਼ਾਤਰ ਤੇ ਇਨ੍ਹਾਂ ਦੀ ਆਨ ਸ਼ਾਨ ਬਦਲੇ ਤਾਂ ਘਰ ਘਾਟ ਛੱਡੇ ਸਨ। ਫਿਰ ਉਦਰ-ਪੂਰਤੀ ਲਈ ਕੁਝ ਤਾਂ ਹੀਲਾ ਚਾਹੀਦਾ ਸੀ। ਕੁਦਰਤ ਨੂੰ ਕਦਾਚਿਤ ਮਨਜ਼ੂਰ ਨਹੀਂ ਕਿ ਕੋਈ ਕਿਸੇ ਦੂਸਰੇ ਦਾ ਰਿਜ਼ਕ ਬੰਦ ਕਰੇ। ਜੇ ਕੋਈ ਇਸ ਵਾਸਤੇ ਆਪਣੇ ਬਲ ਬੁਧ ਨਾਲ ਹੀਲਾ ਕਰੇ ਤੇ ਕੁਦਰਤ ਉਸ ਲਈ ਵਸੀਲਾ ਪੈਦਾ ਕਰ ਦੇਂਦੀ ਹੈ। ਉਤਪਤੀ ਤੇ ਪਾਲਣਾ ਕੁਦਰਤ ਦੇ ਨਿਯਮ ਹਨ। ਇਸੇ ਨਿਯਮ ਤਹਿਤ ਸਿੰਘ ਤੇਗਾਂ ਸੂਤ ਕੇ ਆਪਣ ਘੋਰਨਿਆਂ ਵਿਚੋਂ ਨਿਕਲੇ ਤੇ ਉਸ ਇੱਜੜ ਤੇ ਜਾ ਪਏ ਜਿਨ੍ਹਾਂ ਗਰੀਬੀ ਤੇ ਥੁੜ ਦੀ ਮੰਦੀ ਹਾਲਤ ਉਨ੍ਹਾਂ ਦੇ ਸਿਰ ਸੁੱਟੀ ਹੋਈ ਸੀ। ਇਸ ਮਜਬੂਰੀ ਨੇ ਉਨ੍ਹਾਂ ਨੂੰ ਇਸ ਰਾਹੇ ਤੋਰਿਆ। ਉਨ੍ਹਾਂ ਨੇ ਫ਼ੈਸਲਾ ਕਰ ਲਿਆ ਕਿ ਭੁੱਖਿਆਂ ਸਹਿਕ ਸਹਿਕ ਕੇ ਸਸਤੀ ਮੌਤ ਨਹੀਂ ਵਿਹਾਜਣੀ। ਜਿਨ੍ਹਾਂ ਸਾਡੀ ਇਹ ਹਾਲਤ ਕੀਤੀ ਹੈ ਉਨ੍ਹਾਂ ਦੇ ਗਲ ਲੱਗ ਕੇ ਮਰ ਜਾਣਾ ਹੈ। ਮਰਨਾ ਹੀ ਹੈ ਤਾਂ ਦੁਸ਼ਮਣ ਦੇ ਤੁੰਮਣਾਂ ਦੇ ਤੁੰਮਣ ਮਾਰ ਕੇ ਮਰਨਾ ਹੈ। ਜੀਊਣਾ ਸਭ ਦਾ ਹੱਕ ਹੈ। ਉਨ੍ਹਾਂ ਸੋਚਿਆ ਕਿ ਜਿਹੜੀ ਸਰਕਾਰ ਉਨ੍ਹਾਂ ਦੇ ਜੀਊਣ ਦਾ ਹੱਕ ਮਾਰਦੀ ਹੈ, ਉਹ ਸਰਕਾਰ ਬਰਬਾਦ ਕਰਨੀ ਹੈ। ਉਹ ਦ੍ਰਿੜ੍ਹ ਸਨ ਕਿ ਬਾਹਰੋਂ ਆਏ ਲੁਟੇਰਿਆਂ ਦਾ ਕੋਈ ਹੱਕ ਨਹੀਂ ਕਿ ਸਾਡੇ ਉਤੇ ਰਾਜ ਕਰਨ। ਤੇ ਉਨ੍ਹਾਂ ਨੂੰ ਇਹ ਚੰਗੀ ਤਰ੍ਹਾਂ ਮਹਿਸੂਸ ਹੋ ਗਿਆ ਸੀ ਕਿ ਹੱਥ ਤੇ ਹੱਥ ਧਰ ਕੇ ਬੈਠੇ ਰਹਿਣ ਨਾਲ ਇਸ ਜ਼ਾਲਮ ਹਕੂਮਤ ਦੀ ਜੜ੍ਹ ਨਹੀਂ ਪੁੱਟੀ ਜਾਣੀ। ਦੁਖ-ਕਸ਼ਟ ਖਿੜੇ ਮੱਥੇ ਸਹਾਰਦੇ ਹੋਏ ਜ਼ਿੰਦਗੀ ਨੂੰ ਕੁਰਬਾਨ ਕਰਕੇ ਹੀ ਆਜ਼ਾਦੀ ਹਾਸਿਲ ਹੋਵੇਗੀ। ਜੀਵਨ ਬਾਰੇ ਉਨ੍ਹਾਂ ਦਾ ਦ੍ਰਿਸ਼ਟੀਕੋਨ ਆਸ਼ਾਵਾਦੀ ਸੀ। ਹਰ ਹਾਲਤ ਵਿਚ ਉਨ੍ਹਾਂ ਚੜ੍ਹਦੀ ਕਲਾ ਵਿਚ ਹੀ ਰਹਿਣਾ ਸਿਖਿਆ ਸੀ। ਮਾਯੂਸੀ ਤੇ ਨਿਰਾਸ਼ਾ ਨਾਮ ਦੀ ਕੋਈ ਚੀਜ਼ ਉਨ੍ਹਾਂ ਦੇ



www.AKJ.Org

ਸ਼ਬਦ-ਕੋਸ਼ ਵਿਚ ਨਹੀਂ ਸੀ ਪਾਈ ਜਾਂਦੀ। ਉਨ੍ਹਾਂ ਨੂੰ ਪੂਰਨ ਵਿਸ਼ਵਾਸ ਸੀ ਕਿ ਉਨ੍ਹਾਂ ਦੇ ਉਦੇਸ਼ ਦਾ ਆਧਾਰ ਸੱਚ ਅਤੇ ਨਿਆਂ ਤੇ ਹੈ ਤੇ ਅੰਤ ਨੂੰ ਅਵੱਸ਼ ਜਿੱਤ ਉਨ੍ਹਾਂ ਦੀ ਹੀ ਹੋਵੇਗੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਹਾਦਤ ਤੋਂ ਪਿਛੋਂ ਉਨ੍ਹਾਂ ਦੇ ਕੀਤੇ ਕੰਮ ਨੂੰ ਸਾਂਭਣ ਤੇ ਅੱਗੇ ਤੋਰਨ ਵਾਲਾ ਕੋਈ ਨਹੀਂ ਸੀ ਰਿਹਾ ਤੇ ਸਾਰੇ ਸੋਚਦੇ ਸਨ ਕਿ ਹੁਣ ਕੀ ਬਣੇਗਾ ? ਇਸ ਮਜ਼ਬੂਤ ਪੰਥ ਨੂੰ ਕੌਣ ਆਪਣੀ ਜਥੇਦਾਰੀ ਵਿਚ ਰਖੇ ਤੇ ਸੇਧ ਦੇਵੇਗਾ ? ਇਹ ਠੱਗਾਂ ਚੋਰਾਂ ਜਾਂ ਟੁਕੜ-ਗਦਾਈਆਂ ਦਾ ਟੋਲਾ ਤਾਂ ਹੈ ਨਹੀਂ ਸੀ। ਸਿੰਘਾਂ ਸਰਦਾਰਾਂ, ਸੰਤ ਸਿਪਾਹੀਆਂ ਦੀ ਜਮਾਤ, ਜੋ ਕਿਸੇ ਰਾਜਸੀ ਭੈ ਜਾਂ ਲਾਲਚ ਨੂੰ ਖ਼ਾਤਰ ਵਿਚ ਨਹੀਂ ਸਨ ਲਿਆਉਣ ਵਾਲੇ, ਕਿਸੇ ਉੱਚ ਕੋਟੀ ਦੇ ਅਗੂ ਤੋਂ ਬਿਨਾਂ, ਜਾਬਰ ਹਕੂਮਤ ਸਭ ਕੁਝ ਸਮੇਟ ਕੇ ਰਖ ਦੇਵੇਗੀ। ਇਸ ਨਾਜ਼ਕ ਸਮੇਂ ਕੌਮ ਨੂੰ ਇਕ ਨਿਹਾਇਤ ਆਲ੍ਹਾ ਜਥੇਦਾਰ ਮਿਲ ਗਿਆ ਤੇ ਉਹ ਸੀ ਬੰਦਾ ਸਿੰਘ ਬਹਾਦਰ, ਜਿਸ ਦੀ ਯੋਗ ਅਗਵਾਈ ਥਲੇ ਖਾਲਸਾ ਪੰਥ ਖ਼ੂਬ ਵਧਿਆ ਫੁਲਿਆ ਤੇ ਸ਼ਕਤੀ-ਸ਼ਾਲੀ ਬਣ ਗਿਆ। ਮੁਗ਼ਲ ਰਾਜ ਦੀ ਹੰਕਾਰ ਨਾਲ ਆਕੜੀ ਧੌਣ ਮਰੋੜ ਕੇ ਧਰ ਦਿਤੀ। ਬੰਦਾ ਸਿੰਘ ਦੀ ਸ਼ਹਾਦਤ ਤੋਂ ਬਾਅਦ ਤਾਂ ਮੁਗਲ ਸਰਕਾਰ ਨੇ ਸਾਰੇ ਮੁਲਕ ਵਿਚ ਪੱਲਾ ਫੇਰ ਦਿਤਾ ਸੀ ਕਿ ਸਿੱਖ ਬਿਲਕੁਲ ਖ਼ਤਮ ਕਰ ਦਿਤੇ ਗਏ ਹਨ, ਹੁਣ ਕਿਸੇ ਦਾ ਕੋਈ ਭੈ ਨਹੀਂ ਰਿਹਾ। ਇਸ ਔਖ ਦੇ ਸਮੇਂ ਉਹ ਨਿਸਚਤ ਸਨ ਕਿ ਉਨ੍ਹਾਂ ਵਿਚੋਂ ਹੀ ਕੋਈ ਸੂਰਮਾ ਉਠ ਕੇ ਪੰਥ ਦੀ ਜਥੇਦਾਰੀ ਸੰਭਾਲੇਗਾ ਤੇ ਜ਼ੁਲਮ ਜਬਰ ਦੇ ਚੜ੍ਹੇ ਤੂਫ਼ਾਨ ਮੂਹਰੇ ਸੀਨਾ ਤਾਣ ਕੇ ਖੜਾ ਹੋ ਜਾਵੇਗਾ। ਬਾਹਰੋਂ ਆਏ ਲੋਟੂਆਂ ਤੇ ਧਾੜਵੀਆਂ ਦੀ ਅਤਿਆਚਾਰੀ ਸਰਕਾਰ ਉਤੇ ਨਾ ਕਿਸੇ ਤਰ੍ਹਾਂ ਦਾ ਭਰੋਸਾ ਕਰਨਾ ਹੈ ਤੇ ਨਾ ਇਸ ਨੂੰ ਪੰਜਾਬ ਤੇ ਹਿੰਦੁਸਤਾਨ ਦੀ ਸਰਜ਼ਮੀਨ ਤੇ ਜੀਊਂਦਾ ਹੀ ਛਡਣਾ ਹੈ। ਹਰ ਕੀਮਤ ਤੇ ਇਸ ਮੁਗ਼ਲ ਹਕੂਮਤ ਦਾ ਨਾਮੋ-ਨਿਸ਼ਾਨ ਮਿਟਾ ਦੇਣਾ ਹੈ। ਇਹ ਸਨ ਖ਼ਿਆਲ, ਜਜ਼ਬੇ ਤੇ ਨਿਸਚੇ, ਜੋ ਉਨ੍ਹਾਂ ਦੇ ਸੀਨਿਆਂ ਵਿਚ ਚੜ੍ਹੇ ਸਮੁੰਦਰ ਵਾਂਗ ਉਬਾਲੇ ਖਾਂਦੇ ਸਨ। ਸੋ ਸਿੰਘਾਂ ਨੇ ਮੁਗ਼ਲਾਂ ਨਾਲ ਥਾਂ ਥਾਂ ਤੇ ਟੱਕਰ ਲੈਣ ਦਾ ਮੁਖ ਪ੍ਰਯੋਜਨ ਬਣਾ ਲਿਆ। ਕਮਰਕੱਸੇ ਕਰ ਕੇ ਸਿੰਘ ਮੈਦਾਨਾਂ ਵਿਚ ਨਿਤਰ ਪਏ। ਦੂਰ ਤਕ ਇਲਾਕੇ ਉਗ੍ਰਾਹ ਲਏ। ਜੋ ਅੜਿਆ, ਝਾੜ ਕੇ ਰਖ ਦਿਤਾ। ਮੁਗ਼ਲ ਸਰਕਾਰ ਦੇ ਹਮਾਇਤੀਆਂ ਤੋਂ ਗਿਣ ਗਿਣ ਬਦਲੇ ਲੈਣ ਲੱਗੇ। ਫ਼ੌਜ ਮਗਰ ਤਾਂ ਪਵੇ, ਪਰ ਬਣੇ ਕੁਝ ਨਾ।

ਸਿੱਖਾਂ ਦੀ ਕਾਮਯਾਬੀ ਦੇ ਕਾਰਨਾਂ 'ਚੋਂ ਇਕ ਇਹ ਵੀ ਸੀ ਕਿ ਮੁਗ਼ਲ ਰਾਜਸੀ ਢਾਚੇ ਨੂੰ ਉਨ੍ਹਾਂ ਨੇ ਆਪ ਹੀ ਖੋਖਲਾ ਕਰ ਛਡਿਆ ਸੀ। ਮੁਗ਼ਲ ਬਾਦਸ਼ਾਹ ਤੇ ਸਭ ਅਮੀਰ ਵਜ਼ੀਰ ਐਸ਼ੋ-ਇਸ਼ਰਤ ਦੀ ਜ਼ਿੰਦਗੀ ਬਤੀਤ ਕਰ ਰਹੇ ਸਨ। ਜਿੱਥੇ ਐਸ਼ ਉਥੇ ਆਲਿਸ ਤੇ ਦਲਿੱਦਰ ਪਹਿਲਾਂ। ਹਕੂਮਤ ਦਾ ਦਬਦਬਾ ਕਾਇਮ ਰਖਣ ਤੇ ਅਮਨ ਅਮਾਨ ਦੀ ਰਾਖੀ ਲਈ ਕਸ਼ਟ ਸਹਾਰਨ, ਮੁਹਿੰਮਾਂ ਤੇ ਜਾਣ, ਲੁਟੇਰੇ ਤੇ ਚੋਰ-ਉਚੱਕੇ ਜੋ ਥਾਂ ਥਾਂ ਸਿਰ ਚੁੱਕ ਰਹੇ ਸਨ, ਉਨ੍ਹਾਂ ਦੀ ਸੁਧਾਈ ਕਰਨ ਜਾਣ ਲਈ ਕੋਈ ਵੀ ਸਫ਼ਰ ਦੀ ਸਖ਼ਤੀ ਸਹਾਰਨ ਨੂੰ ਤਿਆਰ ਨਹੀਂ ਸੀ। ਜੇ ਕਿਸੇ ਨੂੰ ਕਿਧਰੇ ਜਾਣਾ ਵੀ ਪੈਂਦਾ ਤਾਂ ਪਾਲਕੀਆਂ ਵਿਚ ਬੈਠ ਕੇ ਆਪਣੇ ਮੌਜ-ਮੇਲੇ ਦਾ ਸਾਮਾਨ ਨਾਲ ਲੈ ਕੇ ਜਾਂਦਾ। ਪਾਨ, ਹੁੱਕੇ, ਸ਼ਰਾਬ ਦਾ ਤਾਂ ਲੜਾਈ ਦੇ ਮੈਦਾਨ ਵਿਚ ਵੀ ਚੇਤਾ ਨਾ ਭੁਲਦਾ। ਵਡੇ ਅਫ਼ਸਰਾਂ ਦੇ ਟੱਬਰ-ਟੀਹਰ ਪਾਲਕੀਆਂ ਵਿਚ ਬੈਠ ਕੇ ਨਾਲ ਜਾਂਦੇ। ਸ਼ਾਹੀ ਦਰਬਾਰ ਧੜੇਬੰਦੀ ਦਾ ਸ਼ਿਕਾਰ ਹੋਇਆ ਹੋਇਆ ਰਹਿੰਦਾ। ਅਮੀਰ ਵਜ਼ੀਰ ਹਕੂਮਤ ਦੀ ਮਜ਼ਬੂਤੀ ਤੇ ਮੁਲਕ ਵਿਚ ਅਮਨ-ਅਮਾਨੀ ਬਣਾਈ ਰਖਣ ਵਿਚ ਏਨੀ ਦਿਲਚਸਪੀ ਨਾ ਲੈਂਦੇ ਜਿੰਨੀ ਆਪਣੇ ਨਿੱਜੀ ਸਵਾਰਥਾਂ ਪ੍ਰਤੀ। ਆਪਣੇ ਵਿਰੋਧੀ ਨੂੰ ਬਾਦਸ਼ਾਹ ਦੀਆਂ ਨਜ਼ਰਾਂ ਵਿਚ ਡੇਗਣ ਲਈ ਕਮੀਨੀ ਤੋਂ ਕਮੀਨੀ ਹਰਕਤ ਕਰਨੋਂ ਵੀ ਬਾਜ਼ ਨਾ ਆਉਂਦੇ। ਇਕ ਦੂਜੇ ਦੀਆਂ ਲੱਤਾਂ ਖਿਚਦੇ ਰਹਿੰਦੇ, ਤਾਕਿ ਕੋਈ ਬਾਦਸ਼ਾਹ ਦੀਆਂ ਨਜ਼ਰਾਂ ਵਿਚ ਖੁਭ ਨਾ ਜਾਵੇ ਤੇ ਉਹ ਪਿਛਾਂਹ ਰਹਿ ਜਾਣ। ਹਰ ਇਕ ਨੂੰ ਹੋੜ ਇਹ ਲੱਗੀ ਰਹਿੰਦੀ ਸੀ ਕਿ ਉਹ ਬਾਦਸ਼ਾਹ ਦੇ ਜ਼ਿਆਦਾ ਤੋਂ ਜ਼ਿਆਦਾ ਕਰੀਬ ਹੋਵੇ ਤੇ ਦੂਜਿਆਂ ਨੂੰ ਪਿਛਾਂਹ ਸੁਟ, ਵੱਡੇ ਤੋਂ ਵੱਡੇ ਮਰਤਬੇ ਤੇ ਬਿਰਾਜਮਾਨ ਹੋ ਜਾਵੇ, ਤੇ ਫਿਰ ਇਸ ਨੂੰ ਆਪਣੀ ਆਲ ਔਲਾਦ ਲਈ ਰਾਖਵਾਂ ਕਰ ਛੱਡੇ। ਦਿੱਲੀ ਦਰਬਾਰ ਦੀ ਇਸ ਘਟੀਆ ਰਾਜਸੀ



www.AKJ.Org

ਖੱਚ ਧੂਹ ਨੇ ਲਾਹੌਰ ਦੇ ਗਵਰਨਰ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਸੀ। ਦੁਚਿਤੀ ਵਿਚ ਹੁੰਦਾ ਹੋਇਆ ਉਹ ਪੰਜਾਬ ਦੇ ਉਲਝੇ ਮਸਲਿਆਂ ਨੂੰ ਸੁਲਝਾਉਣ ਲਈ ਇਕ-ਧਿਆਨ ਹੋ ਸਕੇ, ਇਹ ਸੰਭਵ ਨਹੀਂ ਸੀ। ਸਿੰਘਾਂ ਲਈ ਇਹ ਸਥਿਤੀ ਬੜੀ ਮੁਆਫ਼ਕ ਸੀ। ਉਹ ਆਪਣੀਆਂ ਲੁਕਣ-ਥਾਵਾਂ ਚੋਂ ਬਾਹਰ ਆ ਕੇ ਏਕਾ-ਏਕ ਝਪਟਦੇ ਤੇ ਬੜੀ ਦੂਰ ਤੱਕ ਪੰਜਾ ਮਾਰ ਲਿਆਉਂਦੇ।

ਅਬਦੁੱਸਮਦ ਖ਼ਾਨ ਦਲੇਰਿ-ਜੰਗ ਤੇ ਜ਼ਕਰੀਆ ਖਾਨ ਦੋਵੇਂ ਪਿਉ ਪੁਤ ਵਾਰੋ ਵਾਰੀ ਪੰਜਾਬ ਦੇ ਗਵਰਨਰ ਰਹੇ ਹਨ। ਇਨ੍ਹਾਂ ਦੇ ਵਿਰੋਧੀ ਦਿਲੀ ਬੈਠੇ ਤਾਰਾਂ ਹਿਲਾਉਂਦੇ ਤੇ ਇਨ੍ਹਾਂ ਲਈ ਮੁਸ਼ਕਲਾਂ ਖੜੀਆਂ ਕਰਦੇ ਰਹਿੰਦੇ। ਲੋੜ ਪੈਣ ਤੇ ਰੁਪਏ ਪੈਸੇ ਨਾਲ ਇਮਦਾਦ ਕਰ ਕੇ, ਪੰਜਾਬ ਵਿਚ ਗੜ ਬੜ ਫੈਲਾਉਂਦੇ ਤੇ ਬਗਾਵਤ ਲਈ ਉਭਾਰਦੇ। ਇਸ ਘਿਨਾਉਣੀ ਸਿਆਸਤ ਦੇ ਤਹਿਤ ਜੋ ਮੰਦੇ ਕਾਰੇ ਹੁੰਦੇ ਰਹੇ, ਇਤਿਹਾਸ ਦੇ ਪੰਨਿਆਂ ਤੇ ਉਨ੍ਹਾਂ ਦੇ ਲਿਖਤੀ ਤੇ ਅਕੱਟ ਸਬੂਤ ਮੌਜੂਦ ਹਨ। ਸਮਕਾਲੀ ਇਤਿਹਾਸਕਾਰ ਖ਼ਾਫ਼ੀ ਖ਼ਾਨ ਦਸਦਾ ਹੈ ਕਿ ਸੱਯਦ ਭਰਾ (ਸੱਯਦ ਅਬਦੁੱਲਾ ਤੇ ਸੱਯਦ ਹੁਸੈਨ ਅਲੀ ਖ਼ਾਨ) ਗਵਰਨਰ ਲਾਹੌਰ ਦੇ ਵਿਰੁਧ ਕਸੂਰ ਦੇ ਅਫ਼ਗਾਨਾਂ ਨੂੰ ਗੜਬੜ ਲਈ ਉਭਾਰਦੇ ਰਹਿੰਦੇ ਸਨ। ਦਰਬਾਰ ਵਿਚ ਦੋ ਪਾਰਟੀਆਂ ਸਨ, ਇਕ ਤੁਰਾਨੀ ਪਾਰਟੀ ਤੇ ਦੂਸਰੀ ਹਿੰਦੁਸਤਾਨੀ। ਅਬਦੁੱਸਮਦ ਖ਼ਾਨ ਤੇ ਜ਼ਕਰੀਆ ਖ਼ਾਨ ਤੁਰਾਨੀ ਧੜੇ ਨਾਲ ਸੰਬੰਧਤ ਸਨ ਤੇ ਸੱਯਦ ਭਰਾ ਹਿੰਦੁਸਤਾਨੀ ਪਾਰਟੀ ਦੇ ਆਗੂ ਸਨ। ਈਸਾ ਖ਼ਾਨ ਮੰਝ, ਜਿਸ ਦਾ ਇਲਾਕਾ ਮੰਝਕੀ ਕਹਿਲਾਉਂਦਾ ਸੀ ਤੇ ਦਰਿਆ ਸਤਲੁਜ ਦੇ ਦੋਹੀਂ ਪਾਸੀਂ ਸਥਿਤ ਸੀ (ਜ਼ੀਰਾ, ਕੋਟ ਈਸੇ ਖਾਨ, ਧਰਮ ਕੋਟ, ਮੋਗੇ ਦਾ ਕੁਝ ਹਿਸਾ, ਭਿੰਡਰ, ਕਿਸ਼ਨ ਗੜ੍ਹ, ਸੁਲਤਾਨਪੁਰ ਲੋਧੀ, ਲੋਹੀਆਂ, ਮਲਸੀਹਾਂ, ਸ਼ਾਹ ਕੋਟ, ਨਕੋਦਰ, ਨੂਰ ਮਹਿਲ ਤੇ ਤਲਵਣ ਤਕ ਦਾ ਸਾਰਾ ਇਲਾਕਾ), ਨੂੰ ਸ਼ਮਸੁੱਦੌਲਾ ਖ਼ਾਨਿ-ਦੌਰਾਨ ਦੀ ਸਰਪ੍ਰਸਤੀ ਹਾਸਲ ਸੀ ਤੇ ਇਹ ਅੱਗੇ ਬਾਦਸ਼ਾਹ ਸ਼ਾਹ ਮੁਹੰਮਦ ਦਾ ਬੜਾ ਚਹੇਤਾ ਸੀ। ਪੰਜਾਬ ਵਿਚ ਈਸਾ ਖ਼ਾਨ ਮੰਝ ਬੜਾ ਮਗਰੂਰ ਤੇ ਬੇਲਗਾਮ ਬੰਦਾ ਸੀ।

## ਦਿੱਲੀ ਸਰਕਾਰ ਪੰਜਾਬ ਦੀ ਸਹਾਇਤਾ ਕਰਨੋਂ ਅਸਮਰੱਥ–

ਦਿੱਲੀ ਸਰਕਾਰ ਦਾ ਆਪਣਾ ਇੰਜਰ-ਪਿੰਜਰ ਖੋਚਲਾ ਹੋਇਆ ਪਿਆ ਸੀ ਤੇ ਉਹ ਲਾਹੌਰ ਦੇ ਸੂਬੇਦਾਰ ਦੀ ਸਿੱਖਾਂ ਵਿਰੁਧ ਕੋਈ ਵੀ ਸਹਾਇਤਾ ਕਰਨੋਂ ਮੂਲੋਂ ਅਸਮਰੱਥ ਸੀ। ਉਹ ਇਕੱਲਾ ਹੀ ਸਿਖਾਂ ਨਾਲ ਨਿਪਟਣ ਲਈ ਮਜਬੂਰ ਸੀ। ਉਸ ਦੀ ਸਾਰੀ ਸੈਨਿਕ ਤੇ ਪੁਲਸ ਸ਼ਕਤੀ ਲਾਹੌਰ, ਜੋ ਰਾਜਧਾਨੀ ਸੀ, ਵਿਖੇ ਕੇਂਦਰਤ ਸੀ। ਜਿਸ ਪਾਸੇ ਲੋੜ ਪੈਂਦੀ, ਇਥੋਂ ਲੋੜੀਂਦੀ ਫੌਜ ਭੇਜ ਕੇ ਗੜਬੜ ਨੂੰ ਦਬਾਇਆ ਜਾਂਦਾ। ਸਿੱਖਾਂ ਦੀ ਲੁਟ-ਖੋਹ ਤੇ ਲਾਹੌਰ ਦੀਆਂ ਕੰਧਾਂ ਤਕ ਹੁੰਦੀ ਸੀ। ਦੂਰ-ਦੁਰਾਡੇ ਸ਼ਹਿਰ ਤੇ ਕਸਬੇ ਬੁਰੀ ਤਰ੍ਹਾਂ ਉਨ੍ਹਾਂ ਦੀ ਮਾਰ ਥਲੇ ਆਉਂਦੇ। ਉਸ ਵੇਲੇ ਖ਼ਬਰ-ਰਸਾਨੀ ਤੇ ਆਵਾ-ਜਾਈ ਦੇ ਸਾਧਨ ਵੀ ਚੰਗੇ ਨਹੀਂ ਸਨ। ਜਦ ਖ਼ਬਰ ਮਿਲਦੀ, ਉਹ ਵੀ ਕਈ ਦਿਨਾਂ ਬਾਅਦ, ਕਿ ਫਲਾਣਾ ਇਲਾਕਾ ਸਿੱਖਾਂ ਉਗ੍ਰਾਹ ਲਿਆ ਹੈ ਜਾਂ ਲੁਟ ਲਿਆ ਹੈ, ਤਾਂ ਲਾਹੌਰੋਂ ਉਨ੍ਹਾਂ ਦੀ ਸੁਧਾਈ ਲਈ ਫ਼ੌਜ ਤੁਰਦੀ, ਤਦ ਨੂੰ ਉਹ ਕਿਤੇ ਦੇ ਕਿਤੇ ਨਿਕਲ ਗਏ ਹੁੰਦੇ।

ਸਿੱਖਾਂ ਨੇ ਆਪਣੀ ਮਾਰ-ਧਾੜ ਦੀ ਕਾਰਵਾਈ ਆਪਣੀਆਂ ਪਨਾਹਗਾਹਾਂ ਦੇ ਨਾਲ ਲਗਵੇਂ ਇਲਾਕਿਆਂ ਵਿਚ ਆਰੰਭ ਕੀਤੀ। ਜਿਉਂ ਜਿਉਂ ਸਾਜ਼ੋ ਸਾਮਾਨ, ਹਥਿਆਰ ਪੱਤਾ ਤੇ ਘੋੜੇ ਹੱਥ ਲਗਦੇ ਗਏ ਤੇ ਉਨ੍ਹਾਂ ਦੀ ਤਾਕਤ ਵਧਦੀ ਗਈ, ਉਨ੍ਹਾਂ ਆਪਣੀ ਮਾਰ ਦੀ ਹੱਦ ਦੂਰ ਦੇ ਸ਼ਹਿਰਾਂ ਕਸਬਿਆਂ ਤਕ ਵਧਾ ਲਈ। ਉਨ੍ਹਾਂ ਦੇ ਆ ਪੈਣ ਦਾ ਕੋਈ ਨਿਸਚਤ ਸਮਾਂ ਨਹੀਂ ਸੀ ਹੁੰਦਾ। ਦਿਨੇ ਵੀ ਆਣ ਦਰਸ਼ਨ ਦੇਂਦੇ, ਪਰ ਬਹੁਤੀ ਵਾਰ ਰਾਤ ਆ ਛਾਪਾ ਮਾਰਦੇ, ਫਿਰ ਕਿਸੇ ਇਕ ਥਾਂ ਤੇ ਨਹੀਂ, ਕਈਆਂ ਥਾਵਾਂ ਤੇ ਖਿਲਰ ਕੇ ਪੈਂਦੇ। ਉਹ ਹਰ ਤਰ੍ਹਾਂ ਦੇ ਢੰਗ ਅਪਣਾਉਂਦੇ। ਅੱਜ ਇਕ ਥਾਂ ਉਤੇ ਜਾ ਪਏ, ਉਸ ਨੂੰ ਝਾੜ ਪੂੰਝ ਲਿਆ। ਅਗਲੇ ਦਿਨ ੪੦, ੫੦ ਮੀਲ ਦੂਰ ਕਿਸੇ ਦੂਜੇ ਥਾਂ ਜਾ ਫਤਹ ਗਜਾਈ ਤੇ ਉਸ ਦੀ ਸਾਫ਼-ਸਫ਼ਾਈ ਕਰ ਦਿਤੀ। ਤੇ ਪਰਸੋਂ ਇੰਜ ਹੀ ਹੋਰ ਕਿਸੇ ਥਾਂ ਜਾ ਕੜਕੇ। ਪਿਛਾ ਕਰਨ ਵਾਲਿਆਂ ਉੱਤੇ ਘਾਤ ਲਾ ਕੇ ਹਮਲੇ ਕਰਦੇ, ਜਿਥੇ ਫ਼ੌਜ



www.AKJ.Org

ਦਾ ਡੇਰਾ ਹੁੰਦਾ ਉਥੇ ਰਾਤ ਨੂੰ ਸ਼ਬਖ਼ੂਨ (ਛਪੇਲ) ਮਾਰਦੇ। ਫ਼ੌਜ ਵਿਚ ਸਾਰੀ ਰਾਤ ਲਾਲਾ ਲਾਲਾ ਹੁੰਦੀ ਰਹਿੰਦੀ। ਦਿਨੇ ਰਾਤ ਕਿਸੇ ਵੇਲੇ ਦੋ ਪਲ ਚੈਨ ਦੇ ਨਾਂ ਮਿਲਦੇ। ਕਿਸੇ ਨੂੰ ਅਗਾਊਂ ਖ਼ਬਰ ਨਾ ਲਗਦੀ ਕਿ ਸਿੰਘਾਂ ਦਾ ਅਗਲਾ ਨਿਸ਼ਾਨਾ ਕਿਥੇ ਪੈਣਾ ਹੈ। ਜੇ ਕੋਈ ਉਨ੍ਹਾਂ ਬਾਰੇ ਮੁਖ਼ਬਰੀ ਕਰਦਾ, ਜਾਂ ਕਿਸੇ ਤਰੀਕੇ ਨਾਲ ਉਨ੍ਹਾਂ ਦਾ ਨੁਕਸਾਨ ਕਰਾ ਦੇਂਦਾ ਤਾਂ ਇਹ ਭਓਂਦੇ ਹੀ ਆਸਮਾਨੀ ਬਿਜਲੀ ਵਾਂਗ ਉਸ ਤੇ ਡਿਗਦੇ, ਉਸਦੀ ਸਾਰੀ ਫਸਲ ਸਾੜ ਫੂਕ ਦੇਂਦੇ, ਮਾਲ ਡੰਗਰ ਸਭ ਹਿੱਕ ਲੈ ਜਾਂਦੇ ਤੇ ਟੱਬਰ ਦੇ ਜੀਅ ਮਾਰ ਮੁਕਾਉਂਦੇ। ਇਸ ਤਰ੍ਹਾਂ ਕਰਨ ਨਾਲ ਲੋਕਾਂ ਵਿਚ ਐਸੀ ਦਹਿਸ਼ਤ ਫੈਲੀ ਕਿ ਹੁਣ ਕੋਈ ਵੀ ਅੱਗੇ ਹੋ ਕੇ ਫ਼ੌਜ ਦੀ ਸਹਾਇਤਾ ਕਰਨ ਨੂੰ ਤਿਆਰ ਨਹੀਂ ਸੀ ਹੁੰਦਾ। ਇਸ ਸਮੇਂ ਲੁਟੇਰਿਆਂ ਦਾ ਵੀ ਦਾਅ ਫੱਬ ਗਿਆ। ਸਿੱਖਾਂ ਦੇ ਭੇਸ ਵਿਚ ਉਨ੍ਹਾਂ ਆਮ ਲੋਕਾਂ ਨੂੰ ਲੁਟਣਾ ਸ਼ੁਰੂ ਕਰ ਦਿਤਾ। ਰਸਤਿਆਂ ਵਿਚ ਲੁੱਟਾਂ ਖੋਹਾਂ ਦੀਆਂ ਘਟਨਾਵਾਂ ਆਮ ਹੋ ਗਈਆਂ ਤੇ ਦੇਸ ਵਿਚ ਬਦ-ਅਮਨੀ ਫੈਲ ਗਈ। ਸ਼ਾਹ-ਰਾਹਾਂ ਤੇ ਆਵਾਂ-ਜਾਈ ਬੰਦ ਹੋ ਗਈ।

ਸਿੱਖਾਂ ਨੂੰ ਇਹ ਪਰਵਾਨ ਨਹੀਂ ਸੀ ਕਿ ਉਨ੍ਹਾਂ ਦੇ ਭੇਸ ਵਿਚ ਤੇ ਉਨ੍ਹਾਂ ਦੇ ਨਾਂ ਤੇ ਕੋਈ ਆਮ ਲੋਕਾਂ ਨੂੰ ਲੁਟੇ। ਉਨ੍ਹਾਂ ਦੀ ਟੱਕਰ ਤਾਂ ਸਰਕਾਰ ਨਾਲ ਸੀ, ਜਿਸ ਨੂੰ ਹਰ ਹਾਲਤ ਵਿਚ ਬਰਬਾਦ ਕਰਨ ਲਈ ਉਹ ਤੁੱਲੇ ਹੋਏ ਸਨ। ਲੋਕਾਂ ਦੀ ਲੁਟ, ਲੁਟੇਰਿਆਂ ਹੱਥੋਂ ਉਹ ਕਿਵੇਂ ਸਹਾਰ ਸਕਦੇ ਸਨ ? ਸਰਕਾਰ ਤਾਂ ਲੁਟੇਰਿਆਂ ਦਾ ਕੁਝ ਨਾ ਵਿਗਾੜ ਸਕੀ, ਪਰ ਸਿੰਘਾਂ ਨੇ ਸੂਹਾਂ ਕਢ ਕਢ ਕੇ ਲੋਟੂ ਢਾਣੀਆਂ ਫੜ ਕੇ ਕਤਲ ਕੀਤੀਆਂ। ਅਨੇਕਾਂ ਦੇ ਹੱਥ ਪੈਰ ਵੱਢ ਦਿਤੇ। ਲੁਟੇਰਿਆਂ ਨੂੰ ਐਸਾ ਸੋਧਾ ਲਾਇਆ ਕਿ ਦਿਨਾਂ ਵਿਚ ਹੀ ਰਸਤੇ ਖੁਲ੍ਹ ਗਏ। ਜੋ ਸਰਕਾਰ ਨਾ ਕਰ ਸਕੀ, ਸਿੰਘਾਂ ਨੇ ਕਰ ਵਿਖਾਇਆ। ਬਘਿਆੜ ਭੇਡਾਂ ਬਕਰੀਆਂ ਤੇ ਭਾਰੂ ਹੈ, ਪਰ ਸ਼ੇਰ ਮੂਹਰੇ ਬੇਬੱਸ ਹੈ। ਲੁਟੇਰਿਆਂ ਦੀ ਇਹੋ ਹਾਲਤ ਹੋਈ। (ਚਲਦਾ)

## ਹਵਾਲੇ ਤੇ ਫ਼ੁਟ-ਨੋਟ


੧. ਮੈਕਾਲਿਫ਼–'ਦੀ ਸਿਖ ਰਿਲੀਜਨ', ਭਾਗ ੫, ਸਫ਼ਾ ੨੫੪-੫੭.

੨. ਪਰਸੀਵਲ ਸਪੀਅਰ–'ਦੀ ਹਿਸਟਰੀ ਆਫ਼ ਮਾਡਰਨ ਇੰਡੀਆ' ਆਕਸਫ਼ੋਰਡ, ੧੯੬੫, ਸਫ਼ਾ ੧੬੬.

੩. ਖ਼ਾਫ਼ੀ ਖਾਨ–ਮੁਨਤਖ਼ਬੁਲ-ਲੁਬਾਬ, ਭਾਗ *II*, ਸਫ਼ਾ ੭੬੭-੬੮, ੮੬੧-੬੫,
ਮੁਆਸਿਰੁਲਉਮਰਾ, ਭਾਗ *I*, ਸਫ਼ਾ ੬੦੪, ਭਾਗ *II*, ਸਫ਼ਾ ੮੨੫-੨੮.
ਡਾ. ਹਰੀ ਰਾਮ ਗੁਪਤਾ–"ਹਿਸਟਰੀ ਆਫ਼ ਦੀ ਸਿਖਸ", ਭਾਗ *II*, ਸਫ਼ਾ ੪੩.


---

## ਭਾ: ਸਾ: ਭਾਈ ਰਣਧੀਰ ਸਿੰਘ ਜੀ ਕੀਰਤਨ ਉਤਸ਼ਾਹਤ ਸਨਮਾਨ

ਉਪਰੋਕਤ ਸਕੀਮ ਅਧੀਨ 13 ਅਪ੍ਰੈਲ ਵੈਸਾਖੀ ਵਾਲੇ ਦਿਨ, ਕੀਰਤਨੀ ਬੱਚਿਆਂ ਦੀ ਪ੍ਰੀਖਿਆ ਵਿਚ ਹੇਠ ਲਿਖੀਆਂ ਦੋ ਬੀਬੀਆਂ ਨੂੰ ਫ਼ਸਟ ਤੇ ਸੈਕਿੰਡ ਇਨਾਮਾਂ ਦੁਆਰਾ ਸਨਮਾਨਤ ਕੀਤਾ ਗਿਆ :—

1. ਬੀਬੀ ਹਰਿੰਦਰ ਕੌਰ ਸਪੁਤਰੀ ਭਾ: ਨਰਿੰਦਰ ਸਿੰਘ ਪ੍ਰੇਮੀ ਅੰਮ੍ਰਿਤਸਰ 2000/–ਰੁਪਏ
2. ਬੀਬੀ ਹਰਕੀਰਤ ਕੌਰ ਸਪੁਤਰੀ ਭਾਈ ਦਲਜੀਤ ਸਿੰਘ ਤਲਵਾੜਾ 1500/–ਰੁਪਏ

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ ਅੰਮ੍ਰਿਤਸਰ

## ਨੋਟ ਕਰੋ ਜੀ !

੧. ਪ੍ਰਦੇਸੀ ਵੀਰਾਂ ਪਾਸ ਬੇਨਤੀ ਹੈ ਕਿ ਸੂਰਾ ਨੂੰ ਭੇਜਣ ਵਾਲੇ ਡਰਾਫ਼ਟ ਜਾਂ ਮਨੀਆਰਡਰ ਆਦਿ ਕੇਵਲ ਇੰਡੀਅਨ ਕਰੰਸੀ ਵਿਚ, ਭਾਵ ਰੁਪਿਆਂ ਵਿਚ ਹੀ ਭੇਜੋ, ਕਿਉਂਕਿ ਪ੍ਰਦੇਸੀ ਕਰੰਸੀ ਨੂੰ ਕੈਸ਼ ਕਰਾਉਣ ਬਦਲੇ ਬੈਂਕ ਬਹੁਤ ਜ਼ਿਆਦਾ ਕਟੌਤੀ, ਜਿਹਾ ਕਿ ੫੦ ਡਾਲਰ/੨੫ ਪੌਂਡ ਪ੍ਰਤੀ ਡਰਾਫ਼ਟ ਕਰਦੇ ਹਨ।

੨. ਪਰਚਾ ੧੫ ਤਰੀਕ ਤਕ ਨਾ ਮਿਲੇ ਤਾਂ ਗੁੰਮ ਗਿਆ ਹੈ ਅਤੇ ਹੋਰ ਭੇਜਣ ਲਈ ਕਾਰਡ ਪਾਓ।

੩. ਆਪਣੇ ਪਰਚੇ ਦਾ ਚਿੱਟ ਨੰਬਰ ਯਾਦ ਕਰੋ ਜਾਂ ਆਪਣੇ ਪਾਸ ਨੋਟ ਕਰਕੇ ਰਖੋ ਜੀ। ਚੰਦਾ ਜਮ੍ਹਾਂ ਕਰਾਉਣ ਵੇਲੇ ਚਿੱਟ ਨੰਬਰ ਜ਼ਰੂਰ ਲਿਖਵਾਉ, ਨਹੀਂ ਤਾਂ ਆਪ ਜੀ ਦਾ ਚੰਦਾ ਗਲਤ ਖਾਤੇ ਵਿਚ ਜਮ੍ਹਾਂ ਹੋ ਸਕਦਾ ਹੈ।

੪. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤਰੀਕ ਤਕ ਪੁਜਣੇ ਜ਼ਰੂਰੀ ਹਨ।

www.AKJ.Org

# ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦੇ ਪੁੰਜ ਹਨ। ਗੁਰੂ ਨਾਨਕ ਦਸਮੇਸ਼ ਜੀ ਗੋਬਿੰਦ ਰੂਪ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਹੀ ਗੁਰੂ ਪਾਤਸ਼ਾਹੀਆਂ ਦਾ ਸੱਚਾ ਸਰੂਪ ਹਨ। ਅਕਾਲ ਪੁਰਖ ਸੰਯੁਕਤ (ਸਣੇ) ਸਾਰੇ ਨਿਜ ਗੁਣਾਂ ਦੇ, ਗੁਰੂ ਸਾਹਿਬਾਨ ਦੇ ਜਾਮਿਆਂ ਅੰਦਰ ਹਲੂਲ ਕਰ ਆਇਆ ਹੈ ਅਤੇ ਬਾਰੰਬਾਰੀ ਕਰ ਆਇਆ ਹੈ। ਅਕਾਲ ਪੁਰਖ ਦੇ ਗੁਰੂ-ਜਾਮਿਆਂ ਅੰਦਰ ਹਲੂਲ ਕਰ ਆਉਣ ਕਰਕੇ ਹੀ ਗੁਰੂ ਸਾਹਿਬਾਨ ਨੇ ਆਪਣੇ ਨਿਜ ਸਰੂਪਾਂ ਨੂੰ ਅਕਾਲ ਪੁਰਖ ਦੇ ਮਹਲ ਕਰਕੇ ਵਰਨਣ ਕੀਤਾ ਹੈ। ਏਸੇ ਕਰਕੇ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ, ਆਦਿ ਨਾਵਾਂ ਨਾਲ ਗੁਰੂ ਪਾਤਸ਼ਾਹੀਆਂ ਸੰਕੇਤਕ ਹਨ। ਅਕਾਲ ਪੁਰਖ ਦੇ ਸਭ ਗੁਣ, ਸਮੁਚੇ ਗੁਣ ਹਰੇਕ ਗੁਰੂ ਜਾਮੇ ਅੰਦਰ ਆਣ ਉਤਰੇ ਹਨ, ਉਤਰਦੇ ਰਹੇ ਹਨ। ਅਕਾਲ ਪੁਰਖ ਸਮੁੱਚਾ ਹੀ ਜਦ ਗੁਰੂ ਜਾਮੇ ਅੰਦਰ ਆਣ ਵਰਤਦਾ ਹੈ,ਤਦ ਅਕਾਲ ਪੁਰਖ ਦੇ ਸਮੁਚੇ ਗੁਣ ਆਣ ਅਵਤਰਨੇ ਕੀ ਪਿਛੇ ਰਹਿ ਗਏ? ਹਰਗਿਜ਼ ਨਹੀਂ। ਉਹ ਭੀ ਵਿਚੇ ਹੀ ਆਣ ਅਵਤਰੇ, ਅਕਾਲ ਪੁਰਖ ਦੇ ਨਾਲ ਹੀ ਆਣ ਅਵਤਰੇ। ਜਦ ਹਰੇਕ ਗੁਰੂ ਜਾਮੇ ਅੰਦਰ ਅਕਾਲ ਪੁਰਖ, ਸਮੇਤ ਆਪਣੇ ਗੁਣਾਂ ਦੇ ਆਣ ਉਤਰਿਆ ਤਾਂ ਦਸਾਂ ਗੁਰੂ ਸਾਹਿਬਾਨ ਦੇ ਸੱਚੇ ਸਾਖਸ਼ਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅਕਾਲ ਪੁਰਖ ਸਮੁੱਚਾ ਹੀ ਆਪਣੇ ਸਮੁੱਚੇ ਗੁਣਾਂ ਸੰਯੁਕਤ ਨਿਰਸੰਦੇਹ ਆਣ ਉਤਰਿਆ।

ਨੋਟ—ਉਪਰੋਕਤ ਲਿਖਤ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਹੈ। ਇਸ ਲਿਖਤ ਵਿਚ ਆਏ **'ਹਲੂਲ'** ਸ਼ਬਦ ਨਾਲ ਸਟਾਰ ਦੇ ਕੇ ਗਿਆਨੀ ਨਾਹਰ ਸਿੰਘ ਜੀ ਨੇ ਫੁਟਨੋਟਾਂ ਵਿਚ ਇਕ ਲੰਬਾ ਨੋਟ ਦਿਤਾ ਹੈ, ਜੋ ਹੇਠਾਂ ਦਰਜ ਕੀਤਾ ਜਾਂਦਾ ਹੈ।

ਸਿੱਖਾਂ ਦਾ ਇਹ ਨਿਸਚਾ ਗੁਰੂ ਸਾਹਿਬਾਨ ਦੇ ਸਮੇਂ ਤੋਂ ਚਲਿਆ ਆ ਰਿਹਾ ਹੈ ਤੇ ਇਹੋ ਨਿਸਚਾ ਗੁਰਸਿੱਖੀ ਦਾ ਮੁਖ ਸਿਧਾਂਤ ਹੈ ਕਿ ਗੁਰੂ ਨਾਨਕ ਦੇਵ ਜੀ ਜੋਤਿ ਕਰਕੇ ਅਕਾਲ ਪੁਰਖ ਦਾ ਸਰੂਪ ਹਨ। ਗੁਰੂ ਨਾਨਕ ਦੇਵ ਜੀ ਦੀ ਜੋਤਿ ਹੀ ਬਾਕੀ ਗੁਰੂਆਂ ਵਿਚ ਪ੍ਰਵੇਸ਼ ਕਰਦੀ, ਉਤਰਦੀ ਰਹੀ। ਜੈਸਾ ਕਿ ਵਾਕ ਹੈ—

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ (ਪੰਨਾ ੯੬੬)

ਇਸੇ ਕਰਕੇ ਦਸੇ ਗੁਰੂ ਇਕ ਸਰੂਪ ਹਨ। ਇਹੋ ਜੋਤਿ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਇਸੇ ਕਰਕੇ ਦਸਾਂ ਗੁਰੂਆਂ ਦਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸਿੱਖਾਂ ਦੇ ਇਸ ਨਿਸਚੇ ਦੀ ਗਵਾਹੀ ਪੁਰਾਤਨ ਸਮੇਂ ਦਾ ਇਕ ਮੁਸਲਮਾਨ ਇਤਿਹਾਸਕਾਰ ਮੁਹਸਨ ਫ਼ਾਨੀ ਭੀ ਭਰਦਾ ਹੈ, ਜੋ ਛੇਵੇਂ ਤੇ ਸਤਵੇਂ ਗੁਰੂ ਸਾਹਿਬਾਨ ਦੇ ਨਾਲ ਭੀ ਰਿਹਾ ਸੀ। ਉਸ ਦੀ ਕਿਤਾਬ ਦਬਿਸਤਾਨ ਮਜ਼ਾਹਬ ਵਿਚੋਂ ਏਸ ਸੰਬੰਧ ਵਿਚ, ਜੋ ਫ਼ਾਰਸੀ ਲਿਖਤ ਹੈ, ਉਸਦਾ ਤਰਜਮਾ ਪਾਠਕਾਂ ਦੀ ਗਿਆਤ ਲਈ ਇਤਿਹਾਸਕ ਗਵਾਹੀ ਵਜੋਂ ਹੇਠ ਦਿਤਾ ਜਾਂਦਾ ਹੈ:

"ਉਹ (ਸਿਖ) ਕਹਿੰਦੇ ਹਨ ਕਿ ਬਾਬਾ ਨਾਨਕ ਖ਼ੁਦਾ ਹੈ, ਦੁਨੀਆ ਉਸ ਦੀ ਪੈਦਾ ਕੀਤੀ ਹੋਈ ਹੈ। ਪਰ ਬਾਬਾ ਨਾਨਕ ਨੇ ਆਪਣੀ ਬਾਣੀ ਵਿਚ ਆਪਣੇ ਆਪ ਨੂੰ ਬੰਦਾ ਦਸਿਆ ਹੈ ਤੇ ਖ਼ੁਦਾ ਨੂੰ ਨਿਰੰਜਨ, ਪਾਰਬ੍ਰਹਮ, ਪਰਮੇਸ਼ਰ ਕਿਹਾ ਹੈ, ਜਿਸ ਦਾ ਕੋਈ ਅਕਾਰ ਨਹੀਂ, ਤੇ ਨਾ ਹੀ ਜਿਸਮ ਵਿਚ ਆਉਂਦਾ ਹੈ। ਸਿਖ ਕਹਿੰਦੇ ਹਨ ਕਿ ਗੁਰੂ ਨਾਨਕ ਐਹੋ ਜਿਹਾ ਸੀ, ਉਸ ਦਾ ਸਰੀਰ ਕੋਈ ਨਹੀਂ ਸੀ, ਕੇਵਲ ਆਪਣੀ ਕੁਦਰਤ ਕਰਕੇ ਜਾਣੀਦਾ ਸੀ। ਉਹ (ਸਿਖ) ਏਥੇ ਤਕ ਜਾਂਦੇ ਹਨ (ਭਾਵ, ਏਥੇ ਤਕ ਨਿਸਚਾ ਰਖਦੇ ਹਨ) ਕਿ ਗੁਰੂ ਨਾਨਕ ਦੀ ਰੂਹ ਉਨ੍ਹਾਂ ਪਿਛੋਂ ਉਨ੍ਹਾਂ ਦੇ ਖ਼ਾਸ ਸੇਵਕ ਗੁਰੂ ਅੰਗਦ ਵਿਚ ('ਹਲੂਲ ਕਰਦ' ਹਲੂਲ ਕਰ ਗਈ) ਪਰਵੇਸ਼ ਕਰ ਗਈ, ਉਤਰ ਗਈ ਤੇ ਗੁਰੂ ਅੰਗਦ ਗੁਰੂ ਨਾਨਕ ਹੈ। ਇਸੇ ਤਰ੍ਹਾਂ ਮੌਤ ਵੇਲੇ ਗੁਰੂ ਅੰਗਦ ਜੀ ਗੁਰੂ ਅਮਰਦਾਸ ਦੇ ਸਰੀਰ ਵਿਚ ਪਰਵੇਸ਼ ਹੋਏ, ਉਹ ਭੀ ਇਸੇ ਤਰ੍ਹਾਂ ਰਾਮਦਾਸ



www.AKJ.Org

ਦੇ ਸਰੀਰ ਵਿਚ ਜਾ ਬਿਰਾਜਮਾਨ ਹੋਏ। ਰਾਮਦਾਸ ਏਸੇ ਤਰ੍ਹਾਂ ਗੁਰੂ ਅਰਜਨ ਦੇਵ ਨਾਲ ਇਕ-ਮਿਕ ਹੋ ਗਏ। ਇਨ੍ਹਾਂ ਹਰ ਇਕ ਨੂੰ ਮਹਲ ਆਖਦੇ ਹਨ। ਮਹਲ ਪਹਿਲਾ ਨਾਨਕ, ਮਹਲ ਦੂਜਾ ਅੰਗਦ, ਇਸੇ ਹਿਸਾਬ ਨਾਲ ਮਹਲ ਪੰਜਵੇਂ ਤਕ ਜੋ ਅਰਜਨ ਮਲ ਹਨ, ਉਹ (ਸਿਖ) ਕਹਿੰਦੇ ਹਨ ਕਿ ਜਿਹੜੇ ਅਰਜਨ ਮਲ ਨੂੰ ਐਨ ਬਾਬਾ ਨਾਨਕ ਨਹੀਂ ਸਮਝਦੇ, ਉਹ ਮਨਮੁਖ ਅਰਥਾਤ ਕਾਫ਼ਰ ਹਨ।''

--ਦਬਿਸਤਾਨ ਮਜ਼ਾਹਬ, ਸਫਾ ੨੨੫, ਨਵਲ ਕਸ਼ੋਰ ਪ੍ਰੈਸ, ਕਾਨਪੁਰ ਐਡੀਸ਼ਨ

ਮੁਹਸਨ ਫ਼ਾਨੀ ਨੇ ਇਸੇ ਤਰ੍ਹਾਂ ਛੇਵੇਂ ਸਤਵੇਂ ਗੁਰਾਂ ਨੂੰ ਆਪਣੀ ਕਿਤਾਬ ਵਿਚ ਹੋਰ ਥਾਂ ਮਹਲ ਛੇਵਾਂ ਤੇ ਮਹਲ ਸਤਵਾਂ ਲਿਖਿਆ ਹੈ। ਮੁਹਸਨ ਫ਼ਾਨੀ ਦੀ ਲਿਖਤ ਦਾ ਭਾਵ ਇਹ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਵਿਚ ਸਿਖ ਗੁਰੂ ਨਾਨਕ ਦੇਵ ਜੀ ਨੂੰ ਪਾਰਬ੍ਰਹਮ ਦੀ ਜੋਤਿ ਕਰਕੇ, ਉਨ੍ਹਾਂ ਨੂੰ ਪਰਮੇਸ਼ਰ ਰੂਪ ਜਾਣਦੇ ਸਨ, ਕਿਉਂਕਿ ਉਹ ਸਮਝਦੇ ਸਨ ਕਿ ਨਿਰੰਕਾਰ ਦੀ ਜੋਤਿ ਗੁਰੂ ਨਾਨਕ ਸਾਹਿਬ ਵਿਚ ਪਰਵੇਸ਼ ਕੀਤੀ ਹੋਈ ਹੈ ਅਤੇ ਇਹੋ ਜੋਤਿ ਹਰ ਗੁਰੂ ਜਾਮੇ ਵਿਚ ਪਰਵੇਸ਼ (ਹਲੂਲ) ਕਰਦੀ ਆਈ। ਇਸੇ ਕਰਕੇ ਹਰ ਪਾਤਸ਼ਾਹੀ ਨੂੰ ਗੁਰਬਾਣੀ ਵਿਚ "ਮਹਲ" ਕਰਕੇ ਲਿਖਿਆ ਹੈ।

'ਮਹਲ' ਅਰਬੀ ਦਾ ਲਫਜ਼ ਹੈ, ਇਸ ਦਾ ਉਚਾਰਣ 'ਮਹੱਲ' ਹੈ। ਇਸ ਦੇ ਅਰਥ ਹਨ-ਜਾਏ ਹਲੂਲ, ਪਰਵੇਸ਼ ਕਰਨ (ਉਤਰਨ) ਦੀ ਥਾਂ। ਏਥੋਂ ਹੀ ਲਫਜ਼ ਮਹਲਾ ਬਣਿਆ ਹੈ। ਹੁਣ ਗੁਰੂ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਵੇਸ਼ ਹੈ, ਤਦੇ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਗੁਰੂ ਸਾਹਿਬਾਨ ਦਾ ਸਰੂਪ ਕਿਹਾ ਜਾਂਦਾ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਦਸਾਂ ਗੁਰੂਆਂ ਦੀ ਪੂਜਾ ਤੇ ਜੋਤੀ ਸਰੂਪ ਅਕਾਲ ਪੁਰਖ ਦੀ ਪੂਜਾ ਹੀ ਹੈ।

ਭਾਈ ਸਾਹਿਬ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਜੋਤਿ ਕਰਕੇ ਨਿਰੰਕਾਰ ਦਾ ਰੂਪ ਹੋਣ, ਫੇਰ ਸਾਰੇ ਗੁਰੂਆਂ ਦਾ ਪਰਸਪਰ ਇਕੋ ਸਰੂਪ ਹੋਣ ਤੇ ਗੁਰ ਸ਼ਬਦ ( ਗੁਰਬਾਣੀ ਤੇ ਗੁਰਮੰਤ੍ਰ ) ਨੂੰ ਗੁਰੂ ਮੂਰਤਿ ਕਰਕੇ ਦਸਣ ਸੰਬੰਧੀ ਇਉਂ ਲਿਖਿਆ ਹੈ-

ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰੁ ਆਪੇ ਆਪ ਉਪਾਇਆ॥
ਗੁਰੁ ਗੋਬਿੰਦੁ ਗੋਬਿੰਦੁ ਗੁਰੁ ਜੋਤਿ ਇਕ ਦੁਇ ਨਾਂਵ ਧਰਾਇਆ॥ (ਵਾਰ ੨੪, ਪਉੜੀ ੨੩)
ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ॥
ਗੁਰੁ ਅੰਗਦੁ ਗੁਰ ਅੰਗ ਤੇ ਗੰਗਹੁ ਜਾਣ ਤਰੰਗ ਉਠਾਇਆ॥
ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ॥
ਗੁਰੁ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ॥
ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨ ਵਿਚਿ ਦਿਖਾਇਆ॥
ਹਰਿ ਗੋਬਿੰਦ ਗੁਰ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ॥
ਗੁਰੁ ਮੂਰਤਿ ਗੁਰੁ ਸਬਦ ਹੈ ਸਾਧ ਸੰਗਤਿ ਵਿਚਿ ਪ੍ਰਗਟੀ ਆਇਆ॥
ਪੈਰੀ ਪਾਇ ਸਭ ਜਗਤੁ ਤਰਾਇਆ॥ [ਵਾਰ ੨੪, ਪਉੜੀ ੨੫

ਭਾਈ ਗੁਰਦਾਸ ਜੀ ਦੇ ਪ੍ਰਮਾਣ ਮੁਹਸਨ ਫ਼ਾਨੀ ਦੀ ਇਤਿਹਾਸਕ ਲਿਖਤ ਦੀ ਤਸਦੀਕ ਕਰਦੇ ਹਨ ਕਿ ਗੁਰੂ ਘਰ ਵਿਚ ਗੁਰੂ, ਅਕਾਲ ਪੁਰਖ ਤੇ ਗੁਰਬਾਣੀ ਦੀ ਅਭੇਦਤਾ ਮੰਨੀ ਹੈ, ਅਰਥਾਤ, ਦਸੇ ਗੁਰੂ ਇਕ ਰੂਪ ਸਨ ਤੇ ਉਨ੍ਹਾਂ ਨੂੰ ਅਕਾਲ ਪੁਰਖ ਦੀ ਜੋਤਿ ਕਰਕੇ ਹੀ ਗੁਰਤਾ ਪ੍ਰਾਪਤ ਸੀ। ਉਹੋ ਜੋਤਿ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤ ਰਹੀ ਹੈ। (ਨਾਹਰ ਸਿੰਘ ਗਯਾਨੀ)

[ਭਾ: ਸਾ: ਰਣਧੀਰ ਸਿੰਘ ਜੀ ਲਿਖਤ "ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤਪ੍ਰਸਤੀ ਹੈ ?" ਪੁਸਤਕ ਵਿਚੋਂ



www.AKJ.Org

# ਹਸੰਦਿਆਂ ਖੇਲੰਦਿਆਂ

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥੧੬॥
[ਗੂਜਰੀ ਵਾਰ, ਮ: ੫, **ਪੰਨਾ ੫੨੨**

ਭਾਵ—ਗੁਰੂ ਘਰ ਦੀ ਇਹ ਵਡਿਆਈ ਹੈ ਕਿ ਸਤਿਗੁਰ ਨਾਨਕ ਦਾ ਸਿਖ ਬਣ ਕੇ **ਜਤੀ ਬਣਨ ਲਈ** ਘਰ ਬਾਰ ਛੱਡਣ ਦੀ ਲੋੜ ਨਹੀਂ, ਪਰੰਤੂ ਜਤੀ ਬਣਨ ਦੀ ਪੂਰਨ ਜੁਗਤਿ ਇਹ ਹੈ ਕਿ ਗ੍ਰਿਹਸਤ ਵਿਖੇ ਰਹਿ ਕੇ, ਗੁਰਮਤਿ ਜਗਿਆਸੂ ਦੀ ਗ੍ਰਿਹਸਤ ਦੇ ਸਾਰੇ ਗੁਰਮੁਖਿ ਧਰਮੱਗ ਕਾਰਜ ਕਰਦਿਆਂ ਹੀ ਮੁਕਤੀ ਹੋ ਜਾਂਦੀ ਹੈ। 'ਹਸੰਦਿਆ', 'ਖੇਲੰਦਿਆ' ਪਦਾਂ ਤੋਂ ਇਹ ਭਾਵ ਨਹੀਂ ਕਿ ਰਾਗ ਰੰਗਾਂ ਵਿਚ ਪੈ ਕੇ ਮੁਕਤੀ ਹੁੰਦੀ ਹੈ, ਸਗੋਂ ਗੁਰਮਤਿ ਅੰਦਰ ਹੋਛੇ ਰਾਗ ਰੰਗ, ਹੱਸਣ ਖੇਡਣ ਵਾਲੇ ਰੰਗ ਤਮਾਸ਼ੇ ਦੇਖਣੇ ਮਹਾਂ ਨਿਖੇਧਤ ਹਨ। 'ਹਸੰਦਿਆ ਖੇਲੰਦਿਆ' ਦਾ ਸਪੱਸ਼ਟ ਇਹ ਭਾਵ ਹੈ ਕਿ ਗੁਰਮਤਿ ਗ੍ਰਿਹਸਤ ਅੰਦਰ ਰਹਿ ਕੇ ਉਦਾਸੀਨ ਹੋਣ ਦੀ ਕੋਈ ਲੋੜ ਨਹੀਂ, ਗੁਰਮਤਿ ਨਾਮ ਜਪਦਿਆਂ ਸਦਾ ਖਿੜੇ ਮੱਥੇ ਰਹੇ ਅਤੇ ਹਸੂੰ ਹਸੂੰ ਕਰਦਾ ਹੀ ਗੁਰਮਤਿ ਕਾਜ ਮਈ ਸੱਚੀਆਂ ਸੁੱਚੀਆਂ ਖੇਡਾਂ ਖੇਡੇ।

ਏਸੇ ਪ੍ਰਕਾਰ ਹੀ 'ਖਾਵੰਦਿਆ ਪੈਨੰਦਿਆ' ਪਦਾਂ ਤੋਂ ਹਰਗਿਜ਼ ਇਹ ਭਾਵ ਨਹੀਂ ਕਿ ਮਨ-ਬਾਂਛਤ ਭੱਖ ਅਭੱਖ ਖਾਣੇ ਖਾਂਦਾ ਫਿਰੇ ਅਤੇ ਹੋਛੇ ਭੜਕਵੇਂ ਪਹਿਰਾਵੇ ਪਹਿਨਦਾ ਫਿਰੇ, ਸਗੋਂ 'ਖਾਵੰਦਿਆ' ਪਦ ਤੋਂ ਸਪੱਸ਼ਟ ਭਾਵ ਇਹ ਹੈ ਕਿ ਗੁਰਮਤਿ ਪ੍ਰਮਾਣੀਕ ਖਾਣ ਯੋਗ ਖਾਣੇ ਖਾਏ ਅਤੇ ਭੱਖ ਅਭੱਖ ਰਸਾਂ ਕਸਾਂ ਵਾਲੇ ਖਾਣੇ ਖਾਣ ਵਿਚ ਖਚਤ ਨਾ ਹੋਵੇ। 'ਪੈਨੰਦਿਆ' ਪਦ ਤੋਂ ਗੁਰਮੁਖੀ ਬਾਣੇ ਵਾਲੇ ਬਸਤਰ ਪਹਿਨਣ ਤੋਂ ਹੈ, ਇਹ ਨਹੀਂ ਕਿ ਅਨਮਤੀਆਂ ਦੀ ਰੀਸੇ ਆਨਮਤੀ ਬਾਣੇ ਪਹਿਨਣ ਵਿਚ ਖੱਜਲ ਖੁਆਰ ਹੁੰਦਾ ਫਿਰੇ, ਜੈਸਾ ਕਿ ਅੱਜ ਕਲ੍ਹ ਦੇ ਸਾਰੇ ਨੌਜਵਾਨ ਸਿਖ, ਖ਼ਾਸ ਕਰ ਨੌਕਰੀ-ਪੇਸ਼ਾ ਸਿਖ ਜੈਂਟਲਮੈਨ ਦਾੜ੍ਹੀਆਂ ਨੂੰ ਨਰੜਦੇ ਹਨ, ਪਤਲੂਨਾਂ ਪੈਂਟਾਂ ਪਾਉਂਦੇ ਹਨ। ਕਈ ਅਹਿਮਕ ਸਿਖ ਸ਼੍ਰੇਣੀ ਵਾਲੇ ਲੋਗ ਆਨਮਤੀਆਂ ਦੀ ਨਿਆਈਂ ਸਿਰੋਂ ਨੰਗੇ ਫਿਰਦੇ ਰਹਿੰਦੇ ਹਨ ਅਤੇ ਸਰੇ-ਬਜ਼ਾਰ ਹੀ ਫਿਰਦੇ ਰਹਿੰਦੇ ਹਨ। ਟੱਟੀ ਭੀ ਨੰਗੇ ਸਿਰ ਹੀ ਜਾਣਗੇ, ਨੰਗੇ ਸਿਰ ਹੀ ਸੌਣਗੇ ਅਤੇ ਭੋਗ ਭੁੰਚਣਗੇ। ਗੁਰੂ ਘਰ ਦੀ ਰਹਿਤ ਬਹਿਤ ਇਸ ਪ੍ਰਕਾਰ ਦੀ ਕੁਰਹਿਤ ਰਹਿਣੀ ਤੋਂ ਬਿਬਰਜਤ ਕਰਦੀ ਹੈ। ਗੁਰੂ ਘਰ ਦੇ ਰਹਿਤਨਾਮਿਆਂ ਵਿਚ ਸਾਫ਼ ਲਿਖਿਆ ਹੈ 'ਨਾਂਗੇ ਸੀਸ ਭੋਗ ਨਾ ਸੁਪਤਾਏ'। ਇਸੇ ਪ੍ਰਕਾਰ ਹੀ ਗੁਰੂ ਘਰ ਦੀਆਂ ਬੀਬੀਆਂ ਭੁਜੰਗਣਾਂ ਨੂੰ ਭੀ ਆਨਮਤਾਵਾਂ ਦੀ ਰੀਸੇ ਕੁਰੀਸੇ ਨੰਗੇ ਸੀਸ ਲੈ ਕੇ ਬੇਸਵਾਵਾਂ ਦੀ ਨਿਆਈਂ ਖੁਲ੍ਹੇ ਬਜ਼ਾਰਾਂ ਵਿਚ ਨਹੀਂ ਫਿਰਨਾ ਚਾਹੀਦਾ ਅਤੇ ਦੋ ਦੋ ਗੁੱਤਾਂ ਲਮਕਾ ਕੇ ਅਨਮੱਤਣਾਂ ਦੀ ਨਿਆਈਂ ਭੈੜਾ ਰਿਵਾਜ ਧਾਰਨਾ ਗੁਰਮਤਿ ਤੋਂ ਬਹੁਤ ਉਲਟ ਹੈ। ਅੱਜ ਕਲ੍ਹ ਭੈੜਾ ਰਿਵਾਜ ਇਹ ਬੜਾ ਜ਼ੋਰ ਪਕੜਦਾ ਜਾਂਦਾ ਹੈ ਕਿ ਜੋ ਜੋ ਭੈੜਾ ਕਰਤਵ ਅਨਮੱਤਣਾਂ ਕਰਨਗੀਆਂ, ਇਸੀ ਤਰ੍ਹਾਂ ਗੁਰੂ ਘਰ ਦੀਆਂ ਬੀਬੀਆਂ ਭੁਜੰਗਣਾਂ ਭੀ ਚੱਲਣਗੀਆਂ। ਬੁਲ੍ਹਾਂ ਨੂੰ ਸੁਰਖੀਆਂ ਲਾ ਕੇ ਪਾਨ ਸੁਪਾਰੀ ਖਾਂਦੇ ਫਿਰਨ ਦੀ ਕੁਵਾਦੀ ਆਮ ਪੈਂਦੀ ਜਾਂਦੀ ਹੈ, ਹਾਲਾਂ ਕਿ ਗੁਰਵਾਕ ਸਾਫ ਹੈ :—

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥
ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥੧੩॥੨॥ [ਤਿਲੰਗ ਮ: ੪, ਪੰਨਾ ੭੨੬

ਵਾਲਾ ਗੁਰਵਾਕ ਅਜਿਹੀਆਂ ਭੈੜੀਆਂ ਰੀਸਾਂ ਕੁਰੀਸਾਂ ਵਾਲੀਆਂ ਕੁਵਾਦੀਆਂ ਤੋਂ ਸਾਫ਼ ਵਰਜਦਾ ਹੈ। ਗੁਰੂ ਘਰ ਦੀ ਰਹਿਣੀ ਬਹਿਣੀ ਵਾਲੇ ਪੁਸ਼ਾਕੇ ਪਹਿਰਾਵਿਆਂ ਦਾ ਉੱਕਾ ਹੀ ਪ੍ਰਿਤਿਆਗ ਹੋ ਰਿਹਾ ਹੈ। ਗੁਰਬਾਣੀ ਦੇ ਇਸ ਗੁਰਵਾਕ, "ਸਾਬਤ ਸੂਰਤਿ ਦਸਤਾਰ ਸਿਰਾ"* ਅਨੁਸਾਰ ਸਭ ਗੁਰਮੁਖਿ ਬੀਬੀਆਂ ਭੈਣਾਂ ਨੂੰ ਸੀਸ ਤੇ ਕੇਸਕੀ

*ਮਾਰੂ ਸੋਹਲੇ ਮ: ੫, ਅੰਕ ੧੨, ਪੰਨਾ ੧੦੮੪



www.AKJ.Org

(ਦਸਤਾਰ) ਸਜਾਉਣਾ ਲਾਜ਼ਮੀ ਹੈ (ਵੇਖੋ ਪੁਸਤਕ ਸਿੰਘਾਂ ਦਾ ਪੰਥ ਨਿਰਾਲਾ), ਸਗੋਂ ਇਸ ਤੋਂ ਉਲਟ ਨੰਗੀਆਂ ਬਾਵਰੀਆਂ ਛਡ ਕੇ ਜਾ ਪੱਟੀਆਂ ਨੂੰ ਤੇਲ ਲਾ ਕੇ ਖੁਲ੍ਹੇ ਬਾਲਾਂ ਨਾਲ ਫਿਰ ਤੁਰ ਕੇ ਝਾਟਿਆਂ ਵਿਚ ਖੇਹ ਪਵਾਂਦੀਆਂ ਫਿਰਦੀਆਂ ਹਨ। ਯਥਾ ਗੁਰਵਾਕ—"ਉਡਿ ਉਡਿ ਰਾਵਾ ਝਾਟੈ ਪਾਇ ॥"* ਜੰਮਦੀਆਂ ਕੁੜੀਆਂ ਦੇ ਸਿਰ ਵਿਚ ਹੀ ਫੂੰਦੇ ਟੰਗ ਕੇ ਟੋਂਗਣੀਆਂ ਪਹਿਨਾਵਣ ਨੂੰ (ਕੁੜੀਆਂ ਮੁੰਡੇ) ਆਨਮਤੀਆਂ ਦੀ ਰੀਸ ਕਰਨ ਨੂੰ ਬੜਾ ਹੀ ਫ਼ਖ਼ਰ ਸਮਝਿਆ ਜਾਂਦਾ ਹੈ ਅਤੇ ਇਹ ਮਹਾਂ ਮਨਮਤਿ ਹੈ। ਤਾਂ ਤੇ ਗੁਰਮੱਤਿ ਗ੍ਰਿਹਸਤ ਦੀ ਰਹਿਣੀ ਬਹਿਣੀ ਰਹਿਣ ਵਾਲੇ ਗੁਰਮੁਖਿ ਨਰ ਨਾਰੀਆਂ ਨੂੰ ਗੁਰਮੁਖੀ ਪਹਿਰਾਵਾ ਹੀ ਪਹਿਨਣਾ ਉਚਿਤ ਹੈ।

ਭੈੜੀ ਮਨ-ਮੰਨੀ ਆਜ਼ਾਦੀ ਵਾਲੇ ਖਾਣੇ ਖਾਣੇ ਅਤੇ ਪਹਿਰਾਵੇ ਪਹਿਨਣ ਵਾਲਾ ਭਾਵ 'ਖਾਵੰਦਿਆਂ ਪੈਨੰਦਿਆਂ' ਪਦਾਂ ਤੋਂ ਨਹੀਂ ਹੈ, ਗੁਰਮਤਿ ਜੁਗਤੀ ਵਾਲੇ ਪਹਿਰਾਵੇ ਪਹਿਨਣੇ ਅਤੇ ਸਾਦੇ ਮੁਰਾਦੇ ਖਾਣੇ ਖਾਣੇ ਹੀ ਗੁਰਮਤਿ ਕਲਿਆਣ-ਮੁਕਤੀ ਦਾ ਅਧਿਕਾਰੀ ਬਣਾ ਸਕਦੇ ਹਨ। ਗੁਰਮਤਿ ਜੁਗਤੀ ਵਾਲੀ ਹੀ ਪੂਰੀ ਜੁਗਤੀ ਹੱਸਣ, ਖੇਡਣ, ਖਾਣ, ਪਹਿਨਣ ਦੀ ਗੁਰੂ ਘਰ ਵਿਖੇ ਪਰਵਾਨ ਹੈ, ਖੁਲ੍ਹੀ ਆਜ਼ਾਦੀ ਧਾਰਨ ਕਰਨੀ ਨਿਰੀ ਬਰਬਾਦੀ ਹੈ। ਏਦੂੰ ਤਾਂ "ਛਡਿ ਬਹਹਿ ਘਰ ਬਾਰੁ" ਵਾਲਿਆਂ ਅਨਜਾਣਾਂ ਦੀ ਕੁਜੁਗਤੀ ਹੀ ਚੰਗੀ ਹੈ। ਸਭ ਕੋਈ ਆਪੋ ਆਪਣੀ ਮਨ ਦੀ ਜੁਗਤੀ ਧਾਰਨ ਵਿਚ ਹੀ ਪੂਰਾ ਬਣਿਆ ਫਿਰਦਾ ਹੈ, ਘੱਟ ਕੋਈ ਭੀ ਨਹੀਂ ਆਖਦਾ ਅਖਵਾਉਂਦਾ। ਜਿਸ ਜੁਗਤੀ ਦੇ ਧਾਰਨ ਕੀਤਿਆਂ ਗੁਰੂ ਘਰ ਵਿਖੇ ਪੱਤ ਰਹਿੰਦੀ ਹੋਵੇ ਉਹ ਹੀ ਭਗਤੀ ਪਰਵਾਨ ਹੈ। [ਭਾ: ਸਾ: ਰਣਧੀਰ ਸਿੰਘ ਜੀ ਲਿਖਤ "ਗੁਰਮਤਿ ਗੌਰਵਤਾ" ਪੁਸਤਕ ਵਿਚੋਂ

*ਵਾਰ ਆਸਾ, ਮ: ੧, ੨੧।੫, ਪੰਨਾ ੪੬੫

# ਖਾਲਸਾ ਅਕਾਲ ਪੁਰਖ ਕੀ ਫ਼ੌਜ

ਖਾਲਸਾ ਅਕਾਲ ਪੁਰਖ ਕੀ ਫ਼ੌਜ, ੧ੴ ਦੀ ਫ਼ੌਜ, ਸਤਿਨਾਮ ਵਾਲੇ ਕਰਤਾ ਪੁਰਖ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ ਦੀ ਫ਼ੌਜ।

ਖਾਲਸਾ ਸ਼ਾਹਾਂ ਦੇ ਸ਼ਾਹ, ਭੂਪਾਂ ਦੇ ਭੂਪ ਅਤੇ ਵੱਡਿਆਂ ਤੋਂ ਵੱਡੇ ਦੀ ਫ਼ੌਜ, ਖਾਲਸਾ ਉਸ ਦੀ ਫ਼ੌਜ ਜੋ ਬੇਅੰਤ ਹੈ, ਅਥਾਹ ਹੈ, ਅਗਾਧ ਹੈ, ਤ੍ਰਿਮਾਨ (ਤਿੰਨ ਕਾਲ ਅਤੇ ਤਿੰਨ ਲੋਕਾਂ ਵਿਚ ਪੂਜਯ) ਹੈ, ਤ੍ਰਿਬਰਗ (ਤਿੰਨਾਂ ਗੁਣਾਂ—ਰਜ, ਤਮ, ਸਤ ਦਾ ਸਮੁਦਾਏ) ਹੈ ਅਤੇ ਸਰਬ ਸ਼ਕਤੀਮਾਨ ਹੈ।

ਖਾਲਸਾ ਅਕਾਲ ਪੁਰਖ ਕੀ ਫ਼ੌਜ, ਭਗਤੀ ਤੇ ਸ਼ਕਤੀ ਵਾਲੇ ਨਿਰਮਲ ਪੰਥੀਆਂ ਦੀ ਫ਼ੌਜ।

ਖਾਲਸਾ ਰਾਜ-ਜੋਗੀਆਂ ਦੀ ਫ਼ੌਜ, ਮੀਰੀ ਪੀਰੀ ਵਾਲਿਆਂ ਦੀ ਫ਼ੌਜ, ਸੇਵਾਦਾਰਾਂ ਤੇ ਜਥੇਦਾਰਾਂ ਦੀ ਫ਼ੌਜ, ਦੂਲੇ ਸਰਦਾਰਾਂ ਦੀ ਫ਼ੌਜ।

ਖਾਲਸਾ ਸਿਰਲੱਥ ਸੂਰਮਿਆਂ ਦੀ ਫ਼ੌਜ। ਸਰਬੰਸ ਦਾਨੀ "ਆਪੇ ਗੁਰ, ਆਪੇ ਚੇਲਾ" ਕਲਗੀਆਂ ਵਾਲੇ ਗੁਰੂ, ਮਰਦ ਅਗੰਮੜੇ ਸਿਪਹ-ਸਲਾਰ ਦੀ ਫ਼ੌਜ।

ਖਾਲਸਾ ਨਿਸ਼ਕਾਮ ਸੇਵਕਾਂ, ਪਰਉਪਕਾਰੀ ਆਪਾ-ਵਾਰੂ ਮਰਜੀਵੜਿਆਂ ਦੀ ਫ਼ੌਜ, ਖਾਲਸਾ "ਸਤਿ" ਦੀ ਅਲਮਬਰਦਾਰ (ਝੰਡਾ-ਉਠਾਊ) ਫ਼ੌਜ, ਸਤਿ ਦਾ ਰਾਜ ਸਥਾਪਤ ਕਰਨ ਅਤੇ ਜ਼ੁਲਮ ਜਬਰ ਦਾ ਨਿਸ਼ਾਨ ਮਿਟਾਣ ਵਾਲੀ ਫ਼ੌਜ, ਖਾਲਸਾ ਫ਼ੌਜ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਗਜਾਉਣ ਵਾਲੀ, ਅਥਵਾ, 'ਸਤਿ ਦੀ ਜੈ ਜੈਕਾਰ' ਬੁਲਾਉਣ ਵਾਲੀ ਫ਼ੌਜ।

ਖਾਲਸਾ ਫ਼ੌਜ ਦਾ ਸੁਪਰੀਮ ਕਮਾਂਡਰ ਖ਼ੁਦ ਆਪ ਸਰਬ-ਸ਼ਕਤੀਮਾਨ ਅਕਾਲ ਪੁਰਖ ਬਣਿਆ ਅਤੇ ਜਰਨੈਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਥਾਪਿਆ। ਅਕਾਲ ਪੁਰਖ ਨੇ ਆਪਣੇ ਮਰਦ-ਅਗੰਮੜੇ ਜਰਨੈਲ ਦੀ ਨਾਨਕ ਨਿਰਮਲ ਪੰਥ ਵਿਚੋਂ ਅਕਾਲੀ ਫ਼ੌਜ ਖੜੀ ਕਰਨ ਦੀ ਡਿਊਟੀ ਲਗਾਈ, ਕਿਉਂ ਜੁ ਜ਼ਾਲਮ ਦਾ ਨਾਸ਼ ਕਰਨ ਵਾਸਤੇ ਅਤੇ "ਸਤਿ" ਦਾ ਰਾਜ ਬਹਾਲ ਕਰਨ ਵਾਸਤੇ ਅਜਿਹੀ ਫ਼ੌਜ ਦੀ ਲੋੜ ਸੀ।

['ਖਾਲਸਾ ਸਮਾਚਾਰ' ੨-੪-੯੨, ਵਿਚ ਦਿਤੇ ਪ੍ਰੋ: ਹਰਬੰਸ ਸਿੰਘ ਜੀ ਦੇ ਲੇਖ ਵਿਚੋਂ
'ਸੂਰਾ' ਅੰਮ੍ਰਿਤਸਰ ਮਈ ੧੯੯੨



www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਸ: ਦਰਸ਼ਨ ਸਿੰਘ ਮੂਲੀਆਂ ਵਾਲ | ੫੦-੦੦ | ਸਾਧ ਸੰਗਤ ਗੁਰਦੁਆਰਾ ਹੰਸਲੋ ਯੂ. ਕੇ | ੨੨੦੦-੦੦ |
| ਸ: ਬਖਸ਼ੀਸ਼ ਸਿੰਘ, ਰੁਦਰਪੁਰ | ੧੦੦-੦੦ | ਸ: ਮੋਹਨ ਸਿੰਘ ਸਲੋਅ ਯੂ. ਕੇ | ੨੨੫੦-੦੦ |
| ਗੁਪਤ ਸੇਵਾ ਜਬਲਪੁਰ ਤੋਂ | ੧੭੦੦੦-੦੦ | ਡਾ: ਦਪਿੰਦਰ ਸਿੰਘ ਲੇਟਨ ,, | ੧੪੪੦-੦੦ |
| ਸ: ਗੁਰਦੀਪ ਸਿੰਘ ਲਿਸਟਰ ਯੂ. ਕੇ. | ੨੧੨੦-੦੦ | ਸ: ਬੂਟਾ ਸਿੰਘ ਬਰਮਿੰਘਮ , | ੪੩੫੦-੦੦ |
| ਬੀਬੀ ਸੁਰਿੰਦਰ ਕੌਰ ਚੈਥਮ ,, | ੩੬੫੦-੦੦ | ਅਖੰਡ ਕੀਰਤਨੀ ਜਥਾ ਗ੍ਰੇਵਜੈਂਡ ,, | ੫੦੦੦-੦੦ |
| ਸ: ਬਲਬੀਰ ਸਿੰਘ ਡਰਬੀ ,, | ੮੨੫-੦੦ | ਸਾਧ ਸੰਗਤ ਕਰੈਡਿਫ ਯੂ. ਕੇ. | ੧੦੦੨੫-੦੦ |
| ਸ: ਸਵਰਨ ਸਿੰਘ ਲੋਟਾ ਰੈਡਿੰਗ ਯੂ. ਕੇ. | ੪੫੦੦-੦੦ | ਸ: ਪ੍ਰਦੁੰਮਨ ਸਿੰਘ ਜਲੰਧਰ (ਗੋਲਕ ਫੰਡ) | ੩੦੦-੦੦ |
| ਬੀਬੀ ਸੁਰਿੰਦਰ ਕੌਰ ਸਲੋਅ ,, | ੨੫੨੦-੦੦ | ਗੁਪਤ ਸੇਵਾ ਅੰਮ੍ਰਿਤਸਰ | ੩੦੦੦-੦੦ |
| ਬੀ: ਐਸ ਗਿਲ ਸਮੈਥਵਿਕ ਵਾਰਲੇ ,, | ੧੫੭੫-੦੦ | ਅਖੰਡ ਕੀਰਤਨੀ ਜਥਾ ਬਠਿੰਡਾ | ੨੦੦੦-੦੦ |
| ਸਾਧ ਸੰਗਤ ਨੋਰਥੈਮਪਟੋਨ ,, | ੧੧੦੦-੦੦ | ਗੁਪਤ ਸੇਵਾ ੧੦੦-੦੦ ਗੁਪਤ ਸੇਵਾ | ੧੦,੦੦੦-੦੦ |
| ਸ: ਸੁਖਜੀਤ ਸਿੰਘ ਪੁਰੇਵਾਲ ਡਰਬੀ ,, | ੬੦੦-੦੦ | ਬੀਬੀ ਮਹਿੰਦਰ ਕੌਰ ਲੁਧਿਆਣਾ | ੩੦੦-੦੦ |
| ਬੀਬੀ ਦਰਸ਼ਨ ਕੋਰ ਸਲੋਅ ,, | ੪੫੦-੦੦ | ਸ: ਪ੍ਰਿਤਪਾਲ ਸਿੰਘ ਜੰਮੂ | ੧੦੦-੦੦ |
| ਸ: ਮਲਕੀਤ ਸਿੰਘ ਸਲੋਅ(ਦੋ ਵਾਰੀ),, | ੪੪੫੦-੦੦ | ਸ: ਜਸਵੰਤ ਸਿੰਘ ਗੰਗਾ ਨਗਰ | ੫੦-੦੦ |
| ਸ: ਕੁਲਵੰਤ ਸਿੰਘ ਨੋਟਿੰਘਮ ,, | ੧੩੦੦-੦੦ | ਸ: ਹਰਭਜਨ ਸਿੰਘ ਦਿਲੀ | ੫੦੧-੦੦ |
| ਗੁਪਤ ਸੇਵਾ ਰਾਹੀਂ ਭਾਈ ਗੁਰਨਾਮ ਸਿੰਦ ਰੈਡਿੰਗ | ੩੩੧੦-੦੦ | ਗੁਪਤ ਸੇਵਾ ੨੫੧-੦੦ ਗੁਪਤ ਸੇਵਾ | ੫੦੦-੦੦ |
| ਸ: ਜਸਵੰਤ ਸਿੰਘ ਬੀਬੀ ਨਿਰਮਲ ਕੋਰ ਸਲੋਅ | ੪੫੦-੦੦ | ਸ: ਪ੍ਰਤਿਪਾਲ ਸਿੰਘ ਆਦਮਪੁਰ | ੧੦੦-੦੦ |
| ਸਾਧ ਸੰਗਤ ਕੋਵੈਂਟਰੀ ਯੂ. ਕੇ, | ੧੦੧੦੦-੦੦ | ਸ: ਹਰਚਰਨ ਸਿੰਘ ਮੁਕਤਸਰ | ੪੦੦-੦੦ |
| ਬੀ:ਹਰਭਜਨ ਕੋਰ ਕੋਵੈਂਤਰੀ(ਮਦਰਾਸੀ ਪ੍ਰਵਾਰ ਲਈ) | ੪੫੦-੦੦ | ਸ: ਪ੍ਰੀਤਮ ਸਿੰਘ ਤੂਸਾ | ੫੦੦-੦੦ |
| ਸ: ਭੁਪਿੰਦਰ ਸਿੰਘ ਅਬੂਧਾਬੀ | ੧੨੫੦-੦੦ | ਸ: ਰਣਜੀਤ ਸਿੰਘ ਲੁਧਿਆਣਾ | ੧੦੦-੦੦ |
| ਸ: ਜਸਬੀਰ ਸਿੰਘ ਜਬਲਪੁਰ | ੨੫੧-੦੦ | ਸ: ਸੁਖਦੇਵ ਸਿੰਗ ਗੋਇੰਦਵਾਲ ਸਾਹਿਬ | ੧੦੧-੦੦ |
| ਸ: ਮਨਜਿੰਦਰ ਸਿੰਘ ਗਰੇਵਾਲ ਗ੍ਰੇਵਜੈਂਡ ਕੈਂਟ ਯੂ.ਕੇ | ੬੯੦-੦੦ | ਸ: ਜੁਗਰਾਜ ਸਿੰਘ ਬਿਲਗਾ | ੩੦੦-੦੦ |
| ਗੁਪਤ ਸੇਵਾ | ੫੦੦-੦੦ | ਗੁਪਤ ਸੇਵਾ ੨੧-੦੦ ਗੁਪਤ ਸੇਵਾ | ੩੦੦-੦੦ |
| ਬੀਬੀ ਹਰਨਾਮ ਕੌਰ ਸਾਊਥਾਲ ਕੀਰਤਨ ਭੇਟ, ਪਰਥਾਏ | | ਸ: ਰਣਜੀਤ ਸਿੰਘ ਹਰਮਿੰਦਰਪਾਲ ਸਿੰਘ ਅੰਮ੍ਰਿਤਸਰ | ੬੦੦-੦੦ |
| ਮਾਤਾ ਭਾਈ ਮਹਿਲ ਸਿੰਘ ਭਾਈ ਸੁਖਦੇਵ ਸਿੰਘ | ੧੨੧੦੦-੦੦ | ਸ: ਅਵਤਾਰ ਸਿੰਘ ਲੁਧਿਆਣਾ | ੨੦੦-੦੦ |
| ਕਾਕਾ ਸਰਬਜੀਤ ਸਿੰਘ ਤੇ ਸਿੰਘਣੀ ਸਊਥਹਾਲ | | ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ |
| ਅਨੰਦ ਸਮੇਂ ਕੀਰਤਨ ਭੇਟ | ੧੧੨੦੦-੦੦ | ਸ: ਹਰੀ ਸਿੰਘ ਸਊਥਹਾਲ ਯੂ. ਕੇ; | ੪੦੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਭਾ:ਹਰਨਾਮ ਸਿੰਘ ਪੁਤਰ ਸ੍ਰੀ ਗੰਗਾ ਰਾਮ ਡੁਗਰੀ ਲੁਧਿਆਣਾ—ਦੰਗਾ ਪੀੜਤ,ਐਕਸੀਡੈਂਟ ਨਾਲ ਲੱਤਾਂ ਟੁਟੀਆਂ,ਇਲਾਜ | ੫੦੦੦-੦੦ |
| ਬੀਬੀ ਮਹਿੰਦਰ ਕੌਰ ਮਾਤਾ ਭਾਈ ਦਿਲਬਾਗ ਸਿੰਘ ਘਣੀਏ ਕੇ ਬਾਂਗਰ—ਪੁਤਰ ਜੇਲ੍ਹ, ਪੁਤਰੀ ਦੀ ਸ਼ਾਦੀ ਲਈ | ੫੦੦੦-੦੦ |
| ਬੀਬੀ ਬਲਬੀਰ ਕੌਮ ਪਤਨੀ ਭਾ: ਕਰਮਜੀਤ ਸਿੰਘ ਸਿਖਾਂ ਵਾਲਾ (ਫਰੀਦਕੋਟ)—ਪੁਤਰ ਜੇਲ੍ਹ, ਘਰੇਲੂ ਲੋੜਾਂ | ੫੦੦੦-੦੦ |
| ਭਾਈ ਰਵਿੰਦਰ ਸਿੰਘ ਅੰਮ੍ਰਿਤਸਰ—ਬਿਹਾਰ ਤੋਂ ਉਜੜ ਕੇ ਆਏ, ਕਾਰੋਬਾਰ ਲਈ | ੫੦੦੦-੦੦ |
| ਭਾਈ ਦਵਿੰਦਰ ਸਿੰਘ ਕੋਹਾਲੀ (ਅੰਮ੍ਰਿਤਸਰ) ਤਿੰਨ ਸਾਲ ਜੇਲ੍ਹ ਕੱਟੀ, ਘਰੇਲੂ ਹਾਲਤ ਮਾੜੀ | ੫੦੦੦-੦੦ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਪ੍ਰਬੰਧਕ ਕਮੇਟੀ ਗੁ: ਗਰਨਾ ਸਾਹਿਬ (ਬੋਦਲ) | ੧੦੧-੦੦ | ਸ: ਗੁਰਮੁਖ ਸਿੰਘ ਭੱਟੀ ਕੇ (ਅੰਮ੍ਰਿਤਸਰ) | ੧੦੧-੦੦ |
| ਭਾਈ ਸਖਰਾਜ ਸਿੰਘ ਭਾਗੋਵਾਲ (ਬੀਬੀ ਰਵਿੰਦਰ ਕੌਰ | | ਏ. ਐਸ. ਨਾਰੰਗ ਬੈਂਕਾਕ (ਥਾਈਲੈਂਡ) | ੧੦-੦੦ |
| ਦੇ ਅਨੰਦ ਦੀ ਖੁਸ਼ੀ ਹਿਤ) | ੧੦੧-੦੦ | ਸ: ਸੁਖਦੇਵ ਸਿੰਘ ਮਸਕਟ | ੩੭੫-੦੦ |
| ਗੁਪਤ ਸੇਵਾ | ੫੦੦-੦੦ | ਸ: ਬੂਟਾ ਸਿੰਘ ਬਰਮਿੰਘਮ ਯੂ. ਕੇ. | ੭੭੦-੦੦ |
| ਬੀਬੀ ਸੁਰਿੰਦਰ ਕੌਰ ਚੈਥਮ ਕੈਂਟ | ੨੫੦-੦੦ | ਬੀਬੀ ਮਨਜੀਤ ਕੌਰ ਮੁਹਾਲੀ (ਦੋ ਵਾਰੀ) | ੪੦੦-੦੦ |
| ਬੀਬੀ ਮਨਜੀਤ ਕੌਰ ਪਤਨੀ ਸਵਰਗਵਾਸੀ ਭਾਈ | | ਸ: ਅਮਰਜੀਤ ਸਿੰਘ ਬਠਿੰਡਾ | ੫੦-੦੦ |
| ਸਤਨਾਮ ਸਿੰਘ ਜੀ ਮੋਹਾਲੀ | ੨੦੦-੦੦ | ਕਾਕਾ ਹਰਮੀਤ ਸਿੰਘ ਮੇਰਠ | ੨੦੦-੦੦ |
| ਭਾਈ ਹਰਭਜਨ ਸਿੰਘ ਦਿਲੀ | ੧੦੧-੦੦ | ਸ: ਭਗਵੰਤ ਸਿੰਘ ਮਸਕਟ | ੧੧੦੦-੦੦ |
| ਅਖੰਡ ਕੀਰਤਨੀ ਜਥਾ ਭੁਲੱਥ | ੨੦੬-੦੦ | ਸ: ਪ੍ਰਭਜੋਤ ਸਿੰਘ ਲੁਧਿਆਣਾ | ੫੦-੦੦ |
| ਸ: ਸੰਤ ਸਿੰਘ ਫੱਜੂਪੁਰ | ੧੦੦-੦੦ | ਬੀ: ਕੁਲਦੀਪ ਕੌਰ ਨੰਗਲ (ਚੜ੍ਹਾਵਾ ਸਮਾਗਮ) | ੧੮੦-੦੦ |
| ਸ:ਰਣਜੀਤਸਿੰਘ ਹਰਮਿੰਦਰਪਾਲ ਸਿੰਘ ਅੰਮ੍ਰਿਤਸਰ | ੫੦੦-੦੦ | ਭਾਈ ਗੁਰਸ਼ਰਨ ਸਿੰਘ ਮੁਕਤਸਰ | ੪੧-੦੦ |
| ਸ: ਲਾਭ ਸਿੰਘ ਚੰਡੀਗੜ੍ਹ | ੧੦੦-੦੦ | ਗੁਪਤ ਸੇਵਾ | ੩੦-੦੦ |

www.AKJ.Org

# ਸ਼ਹੀਦੀ ਗੁਰਪੁਰਬ ਸਾਲਾਨਾ ਕੀਰਤਨ ਸਮਾਗਮ ਹੁਸ਼ਿਆਰਪੁਰ

## ਅਖੰਡ ਕੀਰਤਨੀ ਜਥਿਆਂ ਵਲੋਂ 3 ਜੂਨ ਸਵੇਰ ਤੋਂ 5 ਜੂਨ 1992 ਐਤਵਾਰ ਸਵੇਰ ਤਕ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਸਮੇਂ ਪ੍ਰੋਗਰਾਮ—

3 ਜੂਨ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ 6 ਤੋਂ 11 ਤਕ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ, ਸ਼ਾਮ 7 ਤੋਂ 9 ਕੀਰਤਨ ਗੁਰਦੁਆਰਾ ਭਾਈ ਜੋਗਾ ਸਿੰਘ ਜੀ, 4 ਜੂਨ ਸਵੇਰੇ 6 ਤੋਂ 1 ਵਜੇ ਦੁਪਹਿਰ ਤਕ ਕੀਰਤਨ ਸ੍ਰੀ ਗੁਰੂ ਸਿੰਘ ਸਭਾ, ਸ਼ਾਮ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ ਗੁ: ਸਿੰਘ ਸਭਾ। 5 ਜੂਨ ਸਵੇਰੇ 6 ਵਜੇ ਸਮਾਪਤੀ।

ਨੋਟ :—1. ਰਿਹਾਇਸ਼ ਲੰਗਰ ਗੁ: ਸਿੰਘ ਸਭਾ ਰੇਲਵੇ ਰੋਡ ਵਿਖੇ। 2. ਲੋੜ ਅਨੁਸਾਰ ਬਿਸਤਰੇ ਲਿਆਓ ਜੀ।

ਪੁਛ ਗਿਛ : 1. ਭਾ: ਪਰਮਜੀਤ ਸਿੰਘ ਸੇਠੀ ਚੱਪਲ ਸਟੋਰ, (ਨੇੜੇ ਬਸ ਸਟੈਂਡ) ਹੁਸ਼ਿਆਰਪੁਰ। 2. ਪ੍ਰਬੰਧਕ ਕਮੇਟੀ ਸ੍ਰੀ ਗੁਰੂ ਸਿੰਘ ਸਭਾ ਹੁਸ਼ਿਆਰਪੁਰ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ

## ਨਾਰੰਗਵਾਲ (ਲੁਧਿਆਣਾ) ਵਿਖੇ ਭਾਈ ਸਾਹਿਬ ਜੀ ਦੀ 114ਵੀਂ ਜਨਮ-ਸ਼ਤਾਬਦੀ

## 7 ਮਈ ਵੀਰਵਾਰ ਸਵੇਰ ਤੋਂ 10 ਮਈ 1992 ਐਤਵਾਰ ਸਵੇਰ ਤਕ

ਪੰਥ ਰਤਨ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਉਨ੍ਹਾਂ ਦੇ ਜਨਮ-ਅਸਥਾਨ ਨਾਰੰਗਵਾਲ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਈ ਜਾ ਰਹੀ ਹੈ—7 ਤੋਂ 9 ਮਈ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ 1 ਵਜੇ ਦੁਪਹਿਰ ਤਕ ਕੀਰਤਨ, ਸ਼ਾਮ ਨੂੰ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ ਸਮਾਗਮ ਅਰੰਭ। ਸਾਰਾ ਪ੍ਰੋਗਰਾਮ ਗੁਰਦੁਆਰਾ ਅਕਾਲੀ ਵਾਲਾ ਵਿਖੇ।

ਪ੍ਰਾਰਥਕ—ਸੰਗਤ ਨਾਰੰਗਵਾਲ ਅਤੇ ਅਖੰਡ ਕੀਰਤਨੀ ਜਥਾ

---

## ਕੁਝ ਮਜਬੂਰੀਆਂ ਕਾਰਨ ਖੰਨਾ ਦੇ ਸਾਲਾਨਾ ਕੀਰਤਨ ਸਮਾਗਮ ਅਗੇ ਤੇ ਪਾ ਦਿਤੇ ਗਏ ਹਨ।

ਬਸੀ ਪਠਾਣਾਂ, ਸ੍ਰੀ ਲਾਲ ਗੁਰਦਵਾਰਾ, ਧੋਬੀ ਮਹੱਲਾ, ਰੈਣ ਸਬਾਈ ਕੀਰਤਨ 5 ਮਈ

ਸ਼ਾਹ ਕੋਟ (ਜਲੰਧਰ-ਮੋਗਾ ਰੋਡ) ਗੁ: ਸਿੰਘ ਸਭਾ, ਰੈਣ ਸਬਾਈ ਕੀਰਤਨ 23 ਮਈ

ਨਵਾਂ ਪਿੰਡ ਤਾਰਾ ਗੜ੍ਹ (ਗੁਰਦਾਸਪੁਰ) ਅੱਡਾ ਪੇਰੋਸ਼ਾਹ, ਭਾਈ ਬਲਕਾਰ ਸਿੰਘ ਸੇਵਾ ਸਿੰਘ

21 ਤੋਂ 23 ਮਈ ਸ੍ਰੀ ਅਖੰਡਪਾਠ ਉਪਰੰਤ ਕੀਰਤਨ, ਰਾਤ ਰੈਣ ਸਬਾਈ ਕੀਰਤਨ।

ਨਾਗੋਕੇ (ਅੰਮ੍ਰਿਤਸਰ) ਸ਼ਹੀਦ ਭਾਈ ਸੁਰਿੰਦਰ ਸਿੰਘ, ਕੀਰਤਨ ਰੈਣ ਸਬਾਈ 30 ਮਈ

ਡਾਕਟਰ ਸੁਰਿੰਦਰ ਸਿੰਘ ਜੀ ਦੀ ਯਾਦ ਦਰਬਾਰ ਗੁ: ਪਾਉਂਟਾ ਸਾਹਿਬ, ੨੩ ਮਈ ਰੈਣ ਸਬਾਈ

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

23-5-92 ਸ਼ਨੀਵਾਰ ਰਾਤ ਕੀਰਤਨ ਗੁਰਦਵਾਰਾ ਗੁਰੂ ਗੋਬਿੰਦ ਸਿੰਘ, ਲੀਡ ਰੋਡ, ਬਰੈਡਫੋਰਡ-3 ਵਿਖੇ।

ਗੁਰਦਵਾਰਾ ਫ਼ੋਨ 0274-737898, ਭਾ: ਗੁਰਨਾਮ ਸਿੰਘ ਬ੍ਰੈਡਫੋਰਡ 0274-491351

ਯੂ. ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਪਤਾ (ਫੋਨ 6734-267900)

*Bhai Gurnam Singh, 10-Lambourne Gardens, Earley, Reading, Bark U.K.*

---

## ਭੁਲੀਆਂ ਵਸਤਾਂ–ਵੈਸਾਖੀ ਸਮਾਗਮ ਅੰਮ੍ਰਿਤਸਰ

ਪਿਛਲੇ ਸਾਲ ਦੀ ਭੁਲੀ ਸ਼ਾਲ ਇਕ ਬੀਬੀ ਜੀ ਸਵੇਰੇ ਲੈਣ ਆਏ, ਮੁੜ ਪਤਾ ਨਾ ਕੀਤਾ। ਉਹ ਆਪਣਾ ਐਡਰੈਸ ਭੇਜਣ, ਤਾਕਿ ਸ਼ਾਲ ਉਨ੍ਹਾਂ ਨੂੰ ਮਿਲ ਸਕੇ। ਐਤਕੀ 1992 ਦੀ ਵੈਸਾਖੀ ਸਮੇਂ ਦੋ ਗਾਤਰੇ ਵਾਲੀਆਂ ਕਿਰਪਾਨਾਂ, ਇਕ ਮਰਦਾਵਾਂ ਸੂਟ, ਫਤਹਪੁਰੀ ਦਿਲੀ ਦੀ ਖਰੀਦੀ ਐਨਕ ਤੇ ਤੌਲੀਏ ਆਦਿ ਵਾਲਾ ਬੈਗ ਅਤੇ ਕਈ ਕਛਹਿਰੇ ਆਦਿ ਭੁਲੇ ਹੋਏ ਮਿਲੇ ਹਨ। ਜਿਨ੍ਹਾਂ ਦੇ ਹੋਣ 83-ਅਜੀਤ ਨਗਰ ਤੋਂ ਲੈ ਜਾਣ।

---

ਮਨੀਆਰਡਰ, ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ (ਫੋਨ ਪੀ. ਪੀ. 43045)

ਸੂਰਾ ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org